PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 30 ਜਨਵਰੀ ਤੋਂ 05 ਫਰਵਰੀ, 2025 | Email :- editor@punjabstar.com, Vo.20.Issue:1170


## ਮਹਾਂਕੁੰਭ: ਮੌਨੀ ਮੱਸਿਆ ਇਸ਼ਨਾਨ ਦੌਰਾਨ ਭਗਦੜ, 30 ਸ਼ਰਧਾਲੂਆਂ ਦੀ ਮੌਤ

### 60 ਤੋਂ ਵੱਧ ਸ਼ਰਧਾਲੂ ਜ਼ਖ਼ਮੀ; ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਜਤਾਇਆ ਅਫ਼ਸੋਸ



ਮਹਾਂਕੁੰਭ ਨਗਰ (ਪੰਜਾਬ ਸਟਾਰ ਬਿਊਰੋ) : ਮੌਨੀ ਮੱਸਿਆ ਮੌਕੇ ਮਹਾਂਕੁੰਭ ਦੌਰਾਨ ਸੰਗਮ ਇਲਾਕੇ 'ਚ ਬੁੱਧਵਾਰ ਵੱਡੇ ਤੜਕੇ ਪਵਿੱਤਰ ਇਸ਼ਨਾਨ ਲਈ ਜੁੜੀ ਬੇਹਿਸਾਬ ਭੀੜ 'ਚ ਭਗਦੜ ਮਚਣ ਕਾਰਨ 30 ਸ਼ਰਧਾਲੂਆਂ ਦੀ ਮੌਤ ਹੋ ਗਈ, ਜਦਕਿ 60 ਹੋਰ ਜ਼ਖ਼ਮੀ ਹੋਏ ਹਨ। ਭਗਦੜ ਕਾਰਨ ਅਖਾੜਿਆਂ ਦੇ ਸਾਧੂ-ਸੰਤਾਂ ਨੇ ਅੰਮ੍ਰਿਤ ਇਸ਼ਨਾਨ ਕੁਝ ਸਮੇਂ ਲਈ ਰੋਕ ਦਿੱਤਾ ਅਤੇ ਘਾਟਾਂ 'ਤੇ ਭੀੜ ਘਟਣ ਮਗਰੋਂ ਉਨ੍ਹਾਂ ਡੁਬਕੀ ਲਗਾਈ। ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਘਟਨਾ 'ਤੇ ਦੁੱਖ ਜ਼ਾਹਿਰ ਕੀਤਾ ਹੈ। ਉੱਤਰ ਪ੍ਰਦੇਸ਼ ਸਰਕਾਰ ਨੇ ਮੌਤਾਂ ਦੀ ਗਿਣਤੀ ਨੂੰ ਲੈ ਕੇ ਪਹਿਲਾਂ ਚੁੱਪੀ ਧਾਰੀ ਰੱਖੀ ਪਰ ਸ਼ਾਮ ਨੂੰ ਡੀਆਈਜੀ ਵੈਭਵ ਕ੍ਰਿਸ਼ਨਾ ਨੇ ਪ੍ਰੈੱਸ ਕਾਨਫਰੰਸ ਕਰਕੇ 30 ਵਿਅਕਤੀਆਂ ਦੀ ਮੌਤ ਹੋਣ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ 25 ਲਾਸ਼ਾਂ ਦੀ ਸ਼ਨਾਖ਼ਤ ਹੋ ਗਈ ਹੈ।

ਉਧਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਗਦੜ 'ਚ ਮਾਰੇ ਗਏ ਲੋਕਾਂ ਦੇ ਪਰਿਵਾਰਕ ਮੈਂਬਰਾਂ * ਬਾਕੀ ਸਫਾ 2 'ਤੇ

## ਵੱਡਾ ਹਾਦਸਾ : ਛੋਟਾ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ 20 ਲੋਕਾਂ ਦੀ ਗਈ ਜਾਨ




ਜੁਬਾ (ਪੰਜਾਬ ਸਟਾਰ ਬਿਊਰੋ): ਦੱਖਣੀ ਸੁਡਾਨ ਦੇ ਇੱਕ ਦੂਰ-ਦੁਰਾਡੇ ਇਲਾਕੇ ਵਿੱਚ ਬੁੱਧਵਾਰ ਨੂੰ ਇੱਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋ ਗਿਆ ਜਿਸ ਵਿੱਚ ਘੱਟੋ-ਘੱਟ 20 ਲੋਕਾਂ ਦੀ ਮੌਤ ਹੋ ਗਈ। ਇੱਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਇਹ ਹਾਦਸਾ ਤੇਲ ਨਾਲ ਭਰਪੂਰ ਯੂਨਿਟੀ ਰਾਜ ਵਿੱਚ ਵਾਪਰਿਆ। ਰਾਜ ਦੇ ਸੂਚਨਾ ਮੰਤਰੀ ਗਟਵੇਚ ਬਿਪਲ ਨੇ ਕਿਹਾ ਕਿ ਚੀਨੀ ਤੇਲ ਕੰਪਨੀ ਗ੍ਰੇਟਰ ਪਾਇਨੀਅਰ ਓਪਰੇਟਿੰਗ ਕੰਪਨੀ ਦੁਆਰਾ ਚਾਰਟਰ ਕੀਤੇ ਗਏ ਜਹਾਜ਼ ਵਿੱਚ ਦੋ ਪਾਇਲਟਾਂ ਸਮੇਤ 21 ਲੋਕ ਸਵਾਰ ਸਨ। ਉਨ੍ਹਾਂ ਕਿਹਾ ਕਿ ਜਹਾਜ਼ ਦੱਖਣੀ ਸੁਡਾਨ ਦੀ ਰਾਜਧਾਨੀ ਜੁਬਾ ਦੇ ਇੱਕ ਤੇਲ ਖੇਤਰ ਦੇ ਨੇੜੇ ਤੋਂ ਅੰਤਰਰਾਸ਼ਟਰੀ ਹਵਾਈ ਅੱਡੇ ਵੱਲ ਉਡਾਣ ਭਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਹਾਦਸੇ ਦਾ ਕਾਰਨ ਕੀ ਸੀ ਅਤੇ ਅਧਿਕਾਰੀਆਂ ਨੇ ਅਜੇ ਤੱਕ ਪੀੜਤਾਂ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਹੈ। ਸਥਾਨਕ ਮੀਡੀਆ ਨੇ ਦੱਸਿਆ ਕਿ ਜਹਾਜ਼ ਵਿੱਚ ਤੇਲ ਕਰਮਚਾਰੀ ਸਵਾਰ ਸਨ।

## ਕੈਨੇਡਾ 'ਚ ਪੰਜਾਬੀ ਮੂਲ ਦੀ ਸਾਬਕਾ ਸਾਂਸਦ ਰੂਬੀ ਢੱਲਾ ਦਾ ਵੱਡਾ ਬਿਆਨ

### 5 ਲੱਖ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਾਂਗੀ



(ਪੰਜਾਬ ਸਟਾਰ ਬਿਊਰੋ)
ਕੈਨੇਡਾ 'ਚ ਪੰਜਾਬੀ ਮੂਲ ਦੀ ਸਾਬਕਾ ਸੰਸਦ ਮੈਂਬਰ ਰੂਬੀ ਢੱਲਾ ਲਿਬਰਲ ਪਾਰਟੀ ਦੇ ਨੇਤਾ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ 'ਚ ਹੈ। ਉਹ ਸੋਸ਼ਲ ਮੀਡੀਆ ਰਾਹੀਂ ਆਪਣੀ ਮੁਹਿੰਮ ਨੂੰ ਜ਼ੋਰਦਾਰ ਢੰਗ ਨਾਲ ਚਲਾ ਰਹੀ ਹੈ। ਮੰਗਲਵਾਰ ਨੂੰ, ਉਸ ਨੇ ਆਪਣੇ ਐਕਸ ਹੈਂਡਲ 'ਤੇ ਇੱਕ ਵੀਡੀਓ ਸੰਦੇਸ਼ ਪੋਸਟ ਕੀਤਾ, ਜਿਸ ਵਿੱਚ ਉਸ ਨੇ ਕੈਨੇਡਾ ਵਿੱਚ ਰਹਿ ਰਹੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਇਆ। ਇੱਕ ਵੀਡੀਓ ਸੰਦੇਸ਼ ਰਾਹੀਂ ਰੂਬੀ ਢੱਲਾ ਨੇ ਕੈਨੇਡਾ ਦੇ ਲੋਕਾਂ ਨਾਲ ਵਾਅਦਾ ਕੀਤਾ ਹੈ ਕਿ ਜਦੋਂ ਉਹ ਪ੍ਰਧਾਨ ਮੰਤਰੀ ਬਣੇਗੀ ਤਾਂ ਉਹ ਹਰ ਗ਼ੈਰ-ਕਾਨੂੰਨੀ ਪ੍ਰਵਾਸੀ ਨੂੰ ਦੇਸ਼ ਵਿੱਚੋਂ ਡਿਪੋਰਟ ਕਰੇਗੀ।

ਹਾਲਾਂਕਿ ਰੂਬੀ ਢੱਲਾ ਨੇ ਕਿਹਾ ਕਿ ਉਹ ਵੀ ਪਰਵਾਸੀਆਂ ਦੀ ਧੀ ਹੈ ਪਰ ਉਹ ਗ਼ੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਕਰੇਗੀ। ਤੁਹਾਨੂੰ ਦੱਸ ਦੇਈਏ ਕਿ ਭਾਰਤੀ ਮੂਲ ਦੀ ਸਾਬਕਾ ਸੰਸਦ ਮੈਂਬਰ ਰੂਬੀ ਢੱਲਾ ਹੁਣ ਤੱਕ ਤਿੰਨ ਵਾਰ ਕੈਨੇਡਾ ਦੀ ਸੰਸਦ ਮੈਂਬਰ ਚੁਣੀ ਜਾ ਚੁੱਕੀ ਹੈ। ਉਸਨੇ 2004 ਤੋਂ 2011 ਤੱਕ ਬਰੈਂਪਟਨ-ਸਪਰਿੰਗਡੇਲ ਦੀ ਹੁਣ ਬੰਦ ਹੋ ਚੁੱਕੀ ਸੀਟ ਦੀ ਨੁਮਾਇੰਦਗੀ ਕੀਤੀ। ਉਹ ਇੱਕ ਹੋਟਲ ਮਾਲਕ ਵੀ ਹੈ ਅਤੇ ਆਪਣੇ * ਬਾਕੀ ਸਫਾ 2 'ਤੇ

## ਅਮਰੀਕਾ 'ਚ ਯਾਤਰੀ ਜਹਾਜ਼ ਅਤੇ ਹੈਲੀਕਾਪਟਰ ਦੀ ਟੱਕਰ

### ਹਾਦਸਾਗ੍ਰਸਤ ਹੋਣ ਤੋਂ ਬਾਅਦ ਨਦੀ 'ਚ ਡਿੱਗਿਆ ਜਹਾਜ਼, 2 ਲਾਸ਼ਾਂ ਬਰਾਮਦ, ਬਚਾਅ ਕਾਰਜ ਜਾਰੀ



(ਪੰਜਾਬ ਸਟਾਰ ਬਿਊਰੋ)
ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿੱਚ ਇੱਕ ਯਾਤਰੀ ਜਹਾਜ਼ ਅਤੇ ਇੱਕ ਹੈਲੀਕਾਪਟਰ ਦੀ ਟੱਕਰ ਹੋ ਗਈ ਹੈ। ਹਾਦਸੇ ਤੋਂ ਬਾਅਦ ਯਾਤਰੀ ਜਹਾਜ਼ ਪੋਟੋਮੈਕ ਨਦੀ ਵਿੱਚ ਡਿੱਗ ਗਿਆ ਹੈ। ਜਹਾਜ਼ ਵਿੱਚ 64 ਲੋਕ ਸਵਾਰ ਸਨ, ਜਿਨ੍ਹਾਂ ਵਿੱਚ 60 ਯਾਤਰੀ ਅਤੇ 4 ਚਾਲਕ ਦਲ ਦੇ ਮੈਂਬਰ ਸ਼ਾਮਲ ਸਨ।"

ਵਾਸ਼ਿੰਗਟਨ ਫਾਇਰ ਡਿਪਾਰਟਮੈਂਟ ਦੇ ਅਨੁਸਾਰ, ਇਹ ਘਟਨਾ ਰਾਤ 10:00 ਵਜੇ ਰੋਨਾਲਡ ਰੀਗਨ ਹਵਾਈ ਅੱਡੇ ਦੇ ਨੇੜੇ ਵਾਪਰੀ। ਇਹ ਹਾਦਸਾ ਇੱਕ ਅਮਰੀਕਨ ਏਅਰਲਾਈਨਜ਼ CRJ700 ਬੰਬਾਰਡੀਅਰ ਜੈੱਟ ਅਤੇ ਇੱਕ ਅਮਰੀਕੀ ਫ਼ੌਜ ਦੇ ਸਿਕੋਰਸਕੀ (H-60) ਹੈਲੀਕਾਪਟਰ ਵਿਚਕਾਰ ਹੋਇਆ। ਫੌਜ ਦੇ ਅਧਿਕਾਰੀਆਂ ਅਨੁਸਾਰ ਹੈਲੀਕਾਪਟਰ ਵਿੱਚ ਤਿੰਨ ਲੋਕ ਵੀ ਸਵਾਰ ਸਨ।

ਏਅਰਲਾਈਨ ਕੰਪਨੀ ਨੇ ਰਾਤ 9 ਵਜੇ ਤੋਂ ਬਾਅਦ ਹਾਦਸੇ ਦੀ ਪੁਸ਼ਟੀ ਕੀਤੀ। ਇਹ ਜੈੱਟ ਕੈਨਸਸ ਰਾਜ ਤੋਂ ਰਾਜਧਾਨੀ * ਬਾਕੀ ਸਫਾ 2 'ਤੇ

## ਸਾਊਦੀ ਅਰਬ ਵਿਚ ਸੜਕ ਹਾਦਸੇ 'ਚ 9 ਭਾਰਤੀਆਂ ਦੀ ਮੌਤ



(ਪੰਜਾਬ ਸਟਾਰ ਬਿਊਰੋ)
ਸਾਊਦੀ ਅਰਬ 'ਚ ਬੁਧਵਾਰ ਨੂੰ ਇਕ ਸੜਕ ਹਾਦਸੇ 'ਚ 9 ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ। ਜਿਸ 'ਤੇ ਭਾਰਤੀ ਕੌਂਸਲੇਟ ਜਨਰਲ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਭਾਰਤੀ ਕੌਂਸਲੇਟ ਜਨਰਲ ਨੇ ਵੀਰਵਾਰ ਨੂੰ 'ਐਕਸ' 'ਤੇ ਇਕ ਪੋਸਟ ਵਿਚ ਲਿਖਿਆ, ''ਅਸੀਂ ਸਾਊਦੀ ਅਰਬ ਦੇ ਪਛਮੀ ਖੇਤਰ ਵਿਚ ਜੀਜ਼ਾਨ ਨੇੜੇ ਇਕ ਸੜਕ ਹਾਦਸੇ ਵਿਚ ਨੌਂ ਭਾਰਤੀ ਨਾਗਰਿਕਾਂ ਦੀ ਦੁਖਦਾਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਅਤੇ ਪ੍ਰਭਾਵਤ ਪ੍ਰਵਾਰਾਂ ਪ੍ਰਤੀ ਦਿਲੀ ਸੰਵੇਦਨਾ ਪ੍ਰਗਟ ਕਰਦੇ ਹਾਂ।'' ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਵੀ ਇਸ ਹਾਦਸੇ * ਬਾਕੀ ਸਫਾ 2 'ਤੇ

## ਕੈਨੇਡੀਅਨ ਕਮਿਸ਼ਨ ਦੀ ਰਿਪੋਰਟ ਨੇ ਖੋਲ੍ਹੀ ਟਰੂਡੋ ਦੀ ਪੋਲ, ਨਹੀਂ ਮਿਲਿਆ ਨਿੱਝਰ ਦੇ ਕਤਲ ਤੇ ਭਾਰਤ ਵਿਚਾਲੇ ਸਬੰਧ



ਓਟਾਵਾ (ਪੰਜਾਬ ਸਟਾਰ ਬਿਊਰੋ): ਕੈਨੇਡੀਅਨ ਕਮਿਸ਼ਨ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਸਾਬਿਤ ਨਹੀਂ ਹੋਇਆ ਹੈ ਕਿ ਕੈਨੇਡੀਅਨ ਸਿੱਖ ਕਾਰਕੁੰਨ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਕਿਸੇ ਹੋਰ ਦੇਸ਼ ਨਾਲ ਕੋਈ ਠੋਸ ਸਬੰਧ ਹੈ। ਇਸ ਰਿਪੋਰਟ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਉਨ੍ਹਾਂ ਦੋਸ਼ਾਂ ਨੂੰ ਦਰਕਿਨਾਰ ਕਰ ਦਿੱਤਾ ਹੈ, ਜਿਨ੍ਹਾਂ 'ਚ ਉਨ੍ਹਾਂ ਨੇ ਨਿੱਝਰ ਦੇ ਕਤਲ 'ਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਸੀ।

ਦਰਅਸਲ ਸਤੰਬਰ 2023 'ਚ ਟਰੂਡੋ ਨੇ ਕਿਹਾ ਸੀ ਕਿ ਕੈਨੇਡਾ ਕੋਲ ਪੱਕੇ ਸਬੂਤ ਹਨ ਕਿ ਜੂਨ 2023 'ਚ ਬ੍ਰਿਟਿਸ਼ * ਬਾਕੀ ਸਫਾ 2 'ਤੇ

## ਟਰੰਪ ਦੇ ਫ਼ੈਸਲੇ ਨਾਲ 23 ਲੱਖ ਕਰਮਚਾਰੀਆਂ 'ਤੇ ਲਟਕੀ ਤਲਵਾਰ, ਦੇਣਗੇ ਅਸਤੀਫ਼ਾ ਜਾਂ ਫਿਰ...



ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਫ਼ੈਸਲੇ ਨੇ ਸੰਘੀ ਕਰਮਚਾਰੀਆਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਟਰੰਪ ਪ੍ਰਸ਼ਾਸਨ ਨੇ 23 ਲੱਖ ਸੰਘੀ ਕਰਮਚਾਰੀਆਂ ਨੂੰ ਈਮੇਲ ਜ਼ਰੀਏ ਸੂਚਿਤ ਕੀਤਾ ਹੈ ਕਿ ਅਸਤੀਫ਼ਾ ਦਿਓ ਜਾਂ ਫਿਰ ਛਾਂਟੀ ਲਈ ਤਿਆਰ ਰਹੋ। 23 ਲੱਖ ਕਾਮਿਆਂ ਨੂੰ ਭੇਜੀ ਗਈ ਇੱਕ ਈਮੇਲ ਅਨੁਸਾਰ ਸਵੈ-ਇੱਛਾ ਨਾਲ ਨੌਕਰੀ ਛੱਡਣ ਵਾਲਿਆਂ ਨੂੰ ਅੱਠ ਮਹੀਨਿਆਂ ਦੀ ਤਨਖਾਹ ਮਿਲੇਗੀ ਪਰ ਉਨ੍ਹਾਂ ਨੂੰ 6 ਫਰਵਰੀ ਤੱਕ ਅਜਿਹਾ ਕਰਨ ਦੀ ਚੋਣ ਕਰਨੀ ਪਵੇਗੀ। ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਇਹ ਲਾਭ ਸਿਰਫ਼ ਉਨ੍ਹਾਂ ਕਰਮਚਾਰੀਆਂ ਨੂੰ ਹੀ ਮਿਲੇਗਾ ਜੋ ਅਗਲੇ ਹਫਤੇ ਮਤਲਬ 6 ਫਰਵਰੀ ਤੱਕ ਆਪਣੀ ਨੌਕਰੀ ਛੱਡਣ ਦੀ ਚੋਣ ਕਰਦੇ ਹਨ।

ਟਰੰਪ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਉਹ ਨੌਕਰੀ ਛੱਡਣ ਦੀ ਪੇਸ਼ਕਸ਼ ਵਜੋਂ ਉਨ੍ਹਾਂ ਸਾਰੇ ਸੰਘੀ ਕਰਮਚਾਰੀਆਂ ਨੂੰ ਅੱਠ ਮਹੀਨਿਆਂ ਦੀ ਤਨਖਾਹ ਦਾ ਵਿਕਲਪ ਦੇ ਰਿਹਾ ਹੈ। ਇਸ ਨੂੰ ਅਮਰੀਕੀ ਸਰਕਾਰ ਦੇ ਆਕਾਰ ਨੂੰ ਘਟਾਉਣ * ਬਾਕੀ ਸਫਾ 2 'ਤੇ

## ਟਰੰਪ ਦੀ ਟੈਰਿਫ ਧਮਕੀ ਦਾ ਰੂਬੀ ਢੱਲਾ ਨੇ ਦਿੱਤਾ ਜਵਾਬ



ਓਟਾਵਾ (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਲੀਡਰਸ਼ਿਪ ਰੇਸ ਅਤੇ ਅਗਲਾ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਸ਼ਾਮਲ ਪੰਜਾਬੀ ਮੂਲ ਦੀ ਸਾਬਕਾ ਕੈਨੇਡੀਅਨ ਸੰਸਦ ਮੈਂਬਰ ਰੂਬੀ ਢੱਲਾ ਨੇ ਟੈਰਿਫ ਦੇ ਮੁੱਦੇ 'ਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਰੂਬੀ ਢੱਲਾ ਨੇ ਬੁੱਧਵਾਰ ਨੂੰ ਯ 'ਤੇ ਇੱਕ * ਬਾਕੀ ਸਫਾ 2 'ਤੇ

## ਅਮਰੀਕੀ ਫ਼ੌਜ 'ਚ ਟਰਾਂਸਜੈਂਡਰਾਂ ਦੀ ਭਰਤੀ 'ਤੇ ਲੱਗ ਸਕਦੀ ਹੈ ਪਾਬੰਦੀ!

(ਪੰਜਾਬ ਸਟਾਰ ਬਿਊਰੋ)
ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਾਰਜਕਾਰੀ ਹੁਕਮਾਂ 'ਤੇ ਦਤਸਖ਼ਤ ਕਰ ਕੇ ਰਖਿਆ ਮੰਤਰੀ ਪੀਟ ਹੇਗਸੇਥ ਨੂੰ ਟਰਾਂਸਜੈਂਡਰ ਸੈਨਿਕਾਂ ਸਬੰਧੀ ਪੈਂਟਾਗਨ ਦੀ ਨੀਤੀ ਨੂੰ ਸੋਧਣ ਲਈ ਨਿਰਦੇਸ਼ ਦਿਤਾ ਹੈ। ਟਰੰਪ ਦਾ ਇਹ ਕਾਰਜਕਾਰੀ ਆਦੇਸ਼ ਭਵਿਖ ਵਿਚ ਅਮਰੀਕੀ ਫ਼ੌਜ ਵਿਚ ਟਰਾਂਸਜੈਂਡਰ ਸਿਪਾਹੀਆਂ ਦੀ ਭਰਤੀ 'ਤੇ ਰੋਕ ਲਗਾ ਸਕਦਾ ਹੈ। ਟਰੰਪ ਨੇ ਉਨ੍ਹਾਂ ਸਿਪਾਹੀਆਂ ਨੂੰ ਬਹਾਲ ਕਰਨ ਦਾ ਆਦੇਸ਼ ਦਿਤਾ ਜਿਨ੍ਹਾਂ ਨੂੰ ਕੋਵਿਡ -19 ਟੀਕੇ ਲੈਣ ਤੋਂ ਇਨਕਾਰ ਕਰਨ ਕਾਰਨ * ਬਾਕੀ ਸਫਾ 2 'ਤੇ





**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ

905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

**ਹੁਣੇ ਹੀ ਕਾਲ ਕਰੋ**

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

Late Evening and Weekends Appointments Available 1888-864-3131



Jasbir Singh Hundal
Registered Credit Counsellor

www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7

**A-One Truck & Trailer Repair**
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2





**Gill Tire Centre**
ਟਰੱਕਾਂ ਦੇ ਟਾਇਰ ਵਾਜਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਕੈਨੇਡਾ: 36 ਲੱਖ ਦਾ ਘਿਓ ਤੇ ਮੱਖਣ ਚੋਰੀ ਦੇ ਦੋਸ਼ਾਂ ਹੇਠ 6 ਪੰਜਾਬੀ ਗ੍ਰਿਫ਼ਤਾਰ



ਵੈਨਕੂਵਰ : ਓਂਟਾਰੀਓ ਦੀ ਪੀਲ ਖੇਤਰੀ ਪੁਲੀਸ ਨੇ 6 ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ 'ਤੇ ਪਿਛਲੇ ਸਾਲ ਵੱਖ ਵੱਖ ਸਟੋਰਾਂ ਚੋਂ 60 ਹਜਾਰ ਡਾਲਰ (36 ਲੱਖ ਰੁਪਏ) ਦਾ ਘਿਓ ਤੇ ਮੱਖਣ ਚੋਰੀ ਕਰਨ ਦੇ ਦੋਸ਼ ਹਨ। ਚੋਰੀ ਨਾਲ ਸਬੰਧਤ ਵੱਖ ਵੱਖ ਦੋਸ਼ਾਂ ਹੇਠ ਪੀਲ ਪੁਲੀਸ ਵੱਲੋਂ ਕਾਬੂ ਕੀਤੇ ਇਨ੍ਹਾਂ ਪੰਜਾਬੀਆਂ ਦੀ ਪਹਿਚਾਣ ਸੁਖਮੰਦਰ ਸਿੰਘ (23) ਦਲਵਾਲ ਸਿੱਧੂ (28), ਨਵਦੀਪ ਚੌਧਰੀ (28), ਕਮਲਦੀਪ ਸਿੰਘ (38), ਵਿਸ਼ਵਜੀਤ ਸਿੰਘ (22) ਅਤੇ ਹਰਕੀਰਤ ਸਿੰਘ (25) ਵਜੋਂ ਹੋਈ ਹੈ। ਕਾਬੂ ਕੀਤੇ ਗਏ ਨੌਜਵਾਨਾਂ ਵਿਚੋਂ ਤਿੰਨ ਬਰੈਂਪਟਨ ਦੇ ਰਹਿਣ ਵਾਲੇ ਹਨ ਪਰ ਬਾਕੀਆਂ ਦਾ ਕੋਈ ਪੱਕਾ ਪਤਾ ਨਹੀਂ ਹੈ।

ਪੁਲੀਸ ਅਨੁਸਾਰ ਇਨ੍ਹਾਂ ਨੇ ਪਿਛਲੇ ਸਾਲ ਬਰੈਂਪਟਨ ਦੇ ਕਰਿਆਨਾ ਸਟੋਰਾਂ ਚੋਂ ਕਈ ਵਾਰ ਮੱਖਣ ਤੇ ਘਿਉ ਚੋਰੀ ਕੀਤਾ ਅਤੇ ਉੱਥੋਂ ਬਚ ਨਿਕਲਦੇ ਰਹੇ। ਸਟੋਰ ਮਾਲਕਾਂ ਵਲੋਂ ਚੋਰੀ ਦੀਆਂ ਘਟਨਾਵਾਂ ਵਿੱਚ ਵਾਧਾ ਦਰਜ ਕਰਵਾਉਣ ਕਾਰਨ ਪੁਲੀਸ ਨੇ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਅਤੇ ਦੋਸ਼ੀਆਂ ਨੂੰ ਕਾਬੂ ਕੀਤਾ ਹੈ।

ਪੁਲੀਸ ਬੁਲਾਰੇ ਨੇ ਦੱਸਿਆ ਪੁੱਛਗਿੱਛ ਦੌਰਾਨ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਇਹ ਵੱਡੇ ਪੱਧਰ ਤੇ ਘਿਓ ਤੇ ਮੱਖਣ ਚੋਰੀ ਕਰਕੇ ਕਿਸ ਸਟੋਰ ਮਾਲਕ ਨੂੰ ਵੇਚਦੇ ਸਨ ਤਾਂ ਕਿ ਉਸਨੂੰ ਵੀ ਮਾਮਲੇ ਵਿੱਚ ਸ਼ਾਮਲ ਕੀਤਾ ਜਾ ਸਕੇ।

# ਮਸਕ ਦਾ ਸਪੇਸਐਕਸ ਸੁਨੀਤਾ ਵਿਲੀਅਮਜ਼ ਤੇ ਬੈਰੀ ਨੂੰ ਲਿਆਏਗਾ ਵਾਪਸ

## ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਜਲਦੀ ਤੋਂ ਜਲਦੀ ਪੁਲਾੜ ਯਾਤਰੀਆਂ ਨੂੰ ਵਾਪਸ ਲਿਆਉਣ ਲਈ ਕਿਹਾ



ਵਾਸ਼ਿੰਗਟਨ ਡੀਸੀ : ਐਲਨ ਮਸਕ ਨੇ 'ਐਕਸ' ਪੋਸਟ ਵਿੱਚ ਕਿਹਾ ਹੈ, ''ਰਾਸ਼ਟਰਪਤੀ ਨੇ ਸਪੇਸਐਕਸ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ(ਆਈਐੱਸਐੱਸ) 'ਤੇ ਫਸੇ ਦੋ ਪੁਲਾੜ ਯਾਤਰੀਆਂ ਨੂੰ ਜਿੰਨੀ ਜਲਦੀ ਸੰਭਵ ਹੋਵੇ ਘਰ ਲੈ ਕੇ ਆਉਣ ਲਈ ਕਿਹਾ ਹੈ। ਅਸੀਂ ਇਹ ਕੰਮ ਕਰਾਂਗੇ। ਇਹ ਭਿਆਨਕ ਹੈ ਕਿ ਬਾਇਡਨ ਪ੍ਰਸ਼ਾਸਨ ਨੇ ਐਨੇ ਲੰਬੇ ਸਮੇਂ ਤੱਕ ਉਨ੍ਹਾਂ ਨੂੰ ਉੱਥੇ ਛੱਡ ਰੱਖਿਆ।''

ਇਸ ਪੋਸਟ ਦੇ ਜਵਾਬ ਵਿੱਚ ਰਾਸ਼ਟਰਪਤੀ ਟਰੰਪ ਨੇ ਦੋ ਪੁਲਾੜ ਯਾਤਰੀਆਂ ਬੈਰੀ 'ਬੁਚ' ਵਿਲਮੋਰ ਅਤੇ ਸੁਨੀਤਾ ਵਿਲੀਅਮਜ਼ ਦੀ ਸ਼ਮੂਲੀਅਤ ਵਾਲੇ ਹਾਲਾਤ ਨਾਲ ਨਜਿੱਠਣ ਦੇ ਢੰਗ ਸਬੰਧੀ ਬਾਇਡਨ ਪ੍ਰਸ਼ਾਸਨ ਪ੍ਰਤੀ ਨਿਰਾਸ਼ਾ ਜ਼ਾਹਿਰ ਕੀਤੀ। ਇਹ ਦੋਵੇਂ ਪੁਲਾੜ ਯਾਤਰੀ 5 ਜੂਨ 2024 ਤੋਂ ਆਈਐੱਸਐੱਸ 'ਤੇ ਫਸੇ ਹੋਏ ਹਨ। ਸੀਬੀਐੱਸ ਨਿਊਜ਼ ਦੀ ਖ਼ਬਰ ਮੁਤਾਬਕ ਇਹ ਪੁਲਾੜ ਯਾਤਰੀ ਪੁਲਾੜ ਵਾਹਨ ਬੋਇੰਗ ਸਟਾਰਲਾਈਨਰ ਵਿੱਚ ਕੋਈ ਦਿੱਕਤ ਆਉਣ ਕਾਰਨ ਆਈਐੱਸਐੱਸ 'ਤੇ ਫਸੇ ਹੋਏ ਹਨ ਅਤੇ ਉਨ੍ਹਾਂ ਦੀ ਧਰਤੀ 'ਤੇ ਵਾਪਸੀ ਵਿੱਚ ਦੇਰ ਹੋ ਗਈ ਹੈ।

ਟਰੰਪ ਨੇ ਬਾਇਡਨ ਪ੍ਰਸ਼ਾਸਨ 'ਤੇ ਪੁਲਾੜ ਯਾਤਰੀਆਂ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ 'ਤੇ ਛੱਡ ਕੇ ਆਉਣ ਦਾ ਦੋਸ਼ ਲਗਾਇਆ ਅਤੇ ਉਨ੍ਹਾਂ ਸਪੇਸਐਕਸ ਦੇ ਸੰਸਥਾਪਕ ਐਲਨ ਮਸਕ ਨੂੰ ਦੋਵੇਂ ਪੁਲਾੜ ਯਾਤਰੀਆਂ ਨੂੰ ਵਾਪਸ ਘਰ ਲੈ ਕੇ ਆਉਣ ਲਈ ਕਿਹਾ। ਆਪਣੇ ਸੋਸ਼ਲ ਮੀਡੀਆ ਪਲੈਟਫਾਰਮ 'ਤੇ ਪੋਸਟ ਵਿੱਚ ਟਰੰਪ ਨੇ ਲਿਖਿਆ, ''ਮੈਂ ਸਪੇਸਐਕਸ 'ਤੇ ਸੰਸਥਾਪਕ ਐਲਨ ਮਸਕ ਨੂੰ ਉਨ੍ਹਾਂ ਦੋਵੇਂ ਬਹਾਦਰ ਪੁਲਾੜ ਯਾਤਰੀਆਂ ਨੂੰ ਘਰ ਲੈ ਕੇ ਆਉਣ ਲਈ ਕਿਹਾ ਹੈ, ਜਿਨ੍ਹਾਂ ਨੂੰ ਬਾਇਡਨ ਪ੍ਰਸ਼ਾਸਨ ਵੱਲੋਂ ਪੁਲਾੜ ਵਿੱਚ ਛੱਡ ਦਿੱਤਾ ਗਿਆ ਸੀ। ਉਹ ਪੁਲਾੜ ਸਟੇਸ਼ਨ 'ਤੇ ਕਈ ਮਹੀਨਿਆਂ ਤੋਂ ਇੰਤਜ਼ਾਰ ਕਰ ਰਹੇ ਹਨ। ਐਲਨ ਜਲਦੀ ਹੀ ਪੁਲਾੜ ਦਾ ਰੁਖ਼ ਕਰਨਗੇ। ਆਸ ਹੈ ਕਿ, ਸਭ ਸੁਰੱਖਿਅਤ ਹੋਣਗੇ।''

### 237 ਦਿਨਾਂ ਬਾਅਦ ਤੁਰਨਾ ਭੁੱਲੀ ਸੁਨੀਤਾ ਵਿਲੀਅਮਜ਼

ਨਵੀਂ ਦਿੱਲੀ: ਪੁਲਾੜ ਵਿੱਚ 237 ਦਿਨਾਂ ਤੋਂ ਫਸੀ ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਕਿਹਾ ਕਿ ਉਹ ਇਹ ਯਾਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਤੁਰਨਾ ਕਿਵੇਂ ਹੈ। ਡਬਲਿਊਬੀਜ਼ੈੱਡ– ਟੀਵੀ ਦੀ ਖ਼ਬਰ ਮੁਤਾਬਕ 27 ਜਨਵਰੀ ਨੂੰ ਪੁਲਾੜ ਸਟੇਸ਼ਨ ਤੋਂ ਅਮਰੀਕਾ ਦੇ ਨੀਦਮ ਹਾਈ ਸਕੂਲ ਦੇ ਵਿਦਿਆਰਥੀਆਂ ਨਾਲ ਆਨਲਾਈਨ ਗੱਲਬਾਤ ਕਰਦਿਆਂ 59 ਸਾਲਾ ਸੁਨੀਤਾ ਵਿਲੀਅਮਜ਼ ਨੇ ਕਿਹਾ, ''ਮੈਂ ਇੱਥੇ ਲੰਬੇ ਸਮੇਂ ਤੋਂ ਹਾਂ। ਹੁਣ ਮੈਂ ਇਹ ਯਾਦ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ ਕਿ ਕਿਵੇਂ ਤੁਰੀ ਦਾ ਮੈਂ ਲੰਬੇ ਸਮੇਂ ਤੋਂ ਨਾ ਚੱਲੀ ਹਾਂ, ਨਾ ਬੈਠੀ ਹਾਂ ਅਤੇ ਨਾ ਹੀ ਲੰਬੀ ਪਈ ਹਾਂ। ਤੁਸੀਂ ਸਿਰਫ਼ ਅੱਖਾਂ ਬੰਦ ਕਰ ਸਕਦੇ ਹੋ ਅਤੇ ਪੁਲਾੜ ਸਟੇਸ਼ਨ ਵਿੱਚ ਹਵਾ 'ਚ ਤੈਰਦੇ ਰਹਿੰਦੇ ਹੋ।''

# ਪੇਜ ਇੱਕ ਦੀ ਬਾਕੀ

## ਮਹਾਂਕੁੰਭ: ਮੌਨੀ ਮੱਸਿਆ...

ਨਾਲ ਅਫ਼ਸੋਸ ਜਤਾਉਂਦਿਆਂ ਹਾਦਸੇ ਨੂੰ ਦੁਖਦਾਈ ਕਰਾਰ ਦਿੱਤਾ। 'ਐਕਸ' 'ਤੇ ਪਾਈ ਪੋਸਟ 'ਚ ਮੋਦੀ ਨੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਪ੍ਰਯਾਗਰਾਜ 'ਚ ਸਥਾਨਕ ਪ੍ਰਸ਼ਾਸਨ ਪੀੜਤਾਂ ਨੂੰ ਹਰਸੰਭਵ ਸਹਾਇਤਾ ਦੇ ਰਿਹਾ ਹੈ। ਉਨ੍ਹਾਂ ਜ਼ਖ਼ਮੀਆਂ ਦੀ ਫੌਰੀ ਸਿਹਤਯਾਬੀ ਦੀ ਕਾਮਨਾ ਕੀਤੀ ਹੈ। ਮੋਦੀ ਨੇ ਕਿਹਾ ਕਿ ਉਨ੍ਹਾਂ ਯੂਪੀ ਦੇ ਮੁੱਖ ਮੰਤਰੀ ਨਾਲ ਕਈ ਵਾਰ ਗੱਲਬਾਤ ਕਰਕੇ ਹਾਲਾਤ ਦਾ ਜਾਇਜ਼ਾ ਲਿਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਘਟਨਾ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਉਹ ਘਟਨਾ ਦੀ ਲਗਾਤਾਰ ਜਾਣਕਾਰੀ ਲੈ ਰਹੇ ਹਨ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਯੋਗੀ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਮਹਾਕੁੰਭ 'ਚ ਭਗਦੜ ਨਾਲ ਸੂਬਾ ਸਰਕਾਰ ਦੀ ਨਾਕਾਮੀ ਸਾਹਮਣੇ ਆ ਗਈ ਹੈ। ਉਨ੍ਹਾਂ ਮਹਾਕੁੰਭ ਦਾ ਪ੍ਰਬੰਧਨ ਫੌਜ ਹਵਾਲੇ ਕਰਨ ਦੀ ਮੰਗ ਕਰਦਿਆਂ ਕਿਹਾ ਕਿ 'ਆਲਮੀ ਦਰਜੇ ਦੇ ਪ੍ਰਬੰਧ' ਹੋਣ ਦਾ ਦਾਅਵਾ ਕਰਨ ਵਾਲੀ ਸਰਕਾਰ ਭਗਦੜ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਹੁਦੇ ਤੋਂ ਅਸਤੀਫ਼ਾ ਦੇਵੇ। ਯੂਪੀ ਕਾਂਗਰਸ ਦੇ ਪ੍ਰਧਾਨ ਅਜੈ ਰਾਏ ਨੇ ਕਿਹਾ ਕਿ ਮ੍ਰਿਤਕਾਂ ਦੇ ਵਾਰਸਾਂ ਨੂੰ ਇਕ-ਇਕ ਕਰੋੜ ਰੁਪਏ ਦਿੱਤੇ ਜਾਣ।

ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਭਗਦੜ 'ਚ ਹੋਈਆਂ ਮੌਤਾਂ 'ਤੇ ਦੁੱਖ ਪ੍ਰਗਟ ਕਰਦਿਆਂ ਮੰਗ ਕੀਤੀ ਕਿ ਮ੍ਰਿਤਕਾਂ ਦੇ ਵਾਰਸਾਂ ਨੂੰ ਢੁੱਕਵਾਂ ਮੁਆਵਜ਼ਾ ਦੇਣ ਦੇ ਨਾਲ ਨਾਲ ਜ਼ਖ਼ਮੀਆਂ ਦਾ ਮੁਫ਼ਤ 'ਚ ਇਲਾਜ ਕੀਤਾ ਜਾਵੇ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ ਕਿ ਭਗਦੜ ਅੱਧੀ ਰਾਤ ਤੋਂ ਬਾਅਦ ਵੱਡੇ ਤੜਕੇ ਇਕ ਅਤੇ ਦੋ ਵਜੇ ਦੇ ਵਿਚਕਾਰ ਉਸ ਸਮੇਂ ਵਾਪਰੀ ਜਦੋਂ ਕੁਝ ਸ਼ਰਧਾਲੂ ਅਖਾੜਾ ਮਾਰਗ 'ਤੇ ਬੈਰੀਕੇਡਾਂ ਉਪਰ ਚੜ੍ਹ ਗਏ। ਲਖਨਊ 'ਚ ਉੱਚ ਪੱਧਰੀ ਮੀਟਿੰਗ ਮਗਰੋਂ ਉਨ੍ਹਾਂ ਕਿਹਾ ਕਿ ਭਗਦੜ ਕਾਰਨ ਜ਼ਖ਼ਮੀ ਹੋਏ ਕਈ ਲੋਕਾਂ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ ਹੈ ਜਿਥੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਯਾਗਰਾਜ 'ਚ ਹਾਲਾਤ ਕਾਬੂ ਹੇਠ ਹਨ ਪਰ ਭੀੜ ਦਾ ਦਬਾਅ ਅਜੇ ਵੀ ਬਣਿਆ ਹੋਇਆ ਹੈ। ਪ੍ਰਯਾਗਰਾਜ 'ਚ ਕਰੀਬ 9-10 ਕਰੋੜ ਲੋਕ ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜਲੇ ਘਾਟਾਂ 'ਤੇ ਗੰਗਾ 'ਚ ਡੁਬਕੀ ਲਗਾ ਲੈਣ ਅਤੇ ਸੰਗਮ 'ਤੇ ਪਹੁੰਚਣ ਦੀ ਕੋਸ਼ਿਸ਼ ਨਾ ਕਰਨ। ਭਗਦੜ ਮਚਣ ਕਾਰਨ ਕਈ ਮਹਿਲਾਵਾਂ ਅਤੇ ਬੱਚੇ ਡਿੱਗ ਪਏ ਅਤੇ ਉਹ ਦਰੜੇ ਗਏ।

ਇਕ ਅਧਿਕਾਰੀ ਨੇ ਕਿਹਾ ਕਿ ਸਰਕਾਰ ਨੇ ਹੁਣ ਤੋਂ ਮਹਾਂਕੁੰਭ 'ਚ ਕੋਈ ਵੀਆਈਪੀ ਪ੍ਰੋਟੋਕਾਲ ਨਾ ਹੋਣ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਪ੍ਰਤੱਖਦਰਸ਼ੀਆਂ ਮੁਤਾਬਕ ਸੰਗਮ 'ਚ ਪਵਿੱਤਰ ਡੁਬਕੀ ਲਈ ਅਚਾਨਕ ਹੀ ਸ਼ਰਧਾਲੂਆਂ ਦੀ ਭੀੜ ਵਧ ਗਈ ਸੀ। ਉਹ ਤੜਕੇ ਤਿੰਨ ਵਜੇ ਦੇ ਸ਼ੁਭ ਮਹੂਰਤ ਤੋਂ ਪਹਿਲਾਂ ਇਸ਼ਨਾਨ ਕਰਨਾ ਚਾਹੁੰਦੇ ਸਨ ਜਿਸ ਕਾਰਨ ਭਗਦੜ ਮਚ ਗਈ ਅਤੇ ਲੋਕ ਮਾਰੇ ਗਏ। ਲੋਕਾਂ ਦਾ ਦਾਅਵਾ ਸੀ ਕਿ ਇਹ ਮਹੂਰਤ ਕਰੀਬ 144 ਸਾਲਾਂ ਬਾਅਦ ਆ ਰਿਹਾ ਹੈ ਅਤੇ ਉਹ ਡੁਬਕੀ ਲਗਾ ਕੇ ਪੁੰਨ ਕਮਾਉਣਾ ਚਾਹੁੰਦੇ ਹਨ।

## ਕੈਨੇਡਾ 'ਚ ਪੰਜਾਬੀ ਮੂਲ...

ਕਰੀਅਰ ਦੇ ਸ਼ੁਰੂਆਤੀ ਦਿਨਾਂ ਵਿੱਚ ਮਾਡਲਿੰਗ ਦੀ ਦੁਨੀਆ ਵਿੱਚ ਵੀ ਕੰਮ ਕਰ ਚੁੱਕੀ ਹੈ। ਰੂਬੀ ਢੱਲਾ ਨੇ ਕਿਹਾ, "ਕੈਨੇਡਾ ਵਿੱਚ ਪੰਜ ਲੱਖ ਤੋਂ ਵੱਧ ਗ਼ੈਰ-ਕਾਨੂੰਨੀ ਪ੍ਰਵਾਸੀ ਹਨ। ਇਹ ਅਸਵੀਕਾਰਨਯੋਗ ਹੈ। ਪਰਵਾਸੀ ਮਾਪਿਆਂ ਦੀ ਧੀ ਹੋਣ ਦੇ ਨਾਤੇ, ਮੈਂ ਖੁਦ ਜਾਣਦੀ ਹਾਂ ਕਿ ਪ੍ਰਵਾਸੀਆਂ ਨੇ ਸਾਡੇ ਮਹਾਨ ਦੇਸ਼ ਨੂੰ ਬਣਾਉਣ ਵਿੱਚ ਮਦਦ ਕੀਤੀ ਹੈ, ਪਰ ਸਾਨੂੰ ਮਨੁੱਖੀ ਤਸਕਰੀ ਅਤੇ ਇੱਥੇ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ 'ਤੇ ਕਾਰਵਾਈ ਕਰਨੀ ਚਾਹੀਦੀ ਹੈ।

ਮੈਂ ਵਾਅਦਾ ਕਰਦਾ ਹਾਂ ਕਿ ਤੁਹਾਡੇ ਪ੍ਰਧਾਨ ਮੰਤਰੀ ਹੋਣ ਦੇ ਨਾਤੇ, ਮੈਂ ਕੈਨੇਡਾ ਵਿੱਚ ਹਰ ਗ਼ੈਰ-ਕਾਨੂੰਨੀ ਪ੍ਰਵਾਸੀ ਨੂੰ ਡਿਪੋਰਟ ਕਰਾਂਗਾ। ਕੈਨੇਡਾ ਦੀ ਵਾਪਸੀ ਹੁਣ ਸ਼ੁਰੂ ਹੁੰਦੀ ਹੈ। ਢੱਲਾ ਨੇ ਐਕਸ 'ਤੇ ਇਕ ਹੋਰ ਵੀਡੀਓ ਵਿਚ ਕਿਹਾ, "ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ, ਪਰਮਾਤਮਾ ਦਾ ਧੰਨਵਾਦ, ਮੈਂ ਤੁਹਾਡੇ ਸਾਰਿਆਂ ਦਾ ਬਹੁਤ ਧੰਨਵਾਦੀ ਹਾਂ। "ਅਸੀਂ ਲਿਬਰਲ ਪਾਰਟੀ ਦੀ ਨੇਤਾ ਅਤੇ ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਵਜੋਂ ਰੰਗ ਦੀ ਪਹਿਲੀ ਔਰਤ ਨੂੰ ਚੁਣ ਕੇ ਇਤਿਹਾਸ ਸਿਰਜਣ ਦੀ ਕਗਾਰ 'ਤੇ ਹਾਂ।"

## ਅਮਰੀਕਾ 'ਚ ਯਾਤਰੀ...

ਵਾਸ਼ਿੰਗਟਨ ਆ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਰੀਗਨ ਨੈਸ਼ਨਲ ਏਅਰਪੋਰਟ (ਡੀਸੀਏ) ਨੇੜੇ ਸਥਾਨਕ ਸਮੇਂ ਅਨੁਸਾਰ ਰਾਤ 8:50 ਵਜੇ ਤੋਂ ਬਾਅਦ ਜਹਾਜ਼ ਹਾਦਸੇ ਬਾਰੇ ਕਈ ਕਾਲਾਂ ਪ੍ਰਾਪਤ ਹੋਈਆਂ। ਇਸ ਵੇਲੇ ਹਵਾਈ ਅੱਡੇ 'ਤੇ ਸਾਰੀਆਂ ਉਡਾਣਾਂ ਅਤੇ ਲੈਂਡਿੰਗ ਰੋਕ ਦਿੱਤੀ ਗਈ ਹੈ। ਦੋਵਾਂ ਜਹਾਜ਼ਾਂ ਦਾ ਮਲਬਾ ਪੋਟੋਮੈਕ ਨਦੀ ਵਿੱਚ ਹੈ।"

"ਅਮਰੀਕੀ ਵ੍ਹਾਈਟ ਹਾਊਸ ਦੀ ਬੁਲਾਰਨ ਕੈਰੋਲੀਨ ਲੇਵਿਟ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੂੰ ਹਾਦਸੇ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਟਰੰਪ ਇਸ ਦੀ ਲਗਾਤਾਰ ਨਿਗਰਾਨੀ ਕਰ ਰਹੇ ਹਨ। ਟਰੰਪ ਨੇ ਲੋਕਾਂ ਨੂੰ ਸ਼ਾਂਤ ਰਹਿਣ ਅਤੇ ਅਧਿਕਾਰੀਆਂ ਨੂੰ ਬਚਾਅ ਕਾਰਜ ਚਲਾਉਣ ਦੇ ਨਿਰਦੇਸ਼ ਦਿੱਤੇ ਹਨ।"

ਉਪ ਪ੍ਰਧਾਨ ਜੇਡੀ ਵੈਂਸ ਨੇ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਹੈ। ਵੈਂਸ ਨੇ ਨਾਗਰਿਕਾਂ ਨੂੰ ਹਾਦਸੇ ਵਿੱਚ ਸ਼ਾਮਲ ਲੋਕਾਂ ਲਈ ਪ੍ਰਾਰਥਨਾ ਕਰਨ ਲਈ ਕਿਹਾ। ਕੈਨਸਸ ਦੇ ਸੈਨੇਟਰ ਰੋਜਰ ਮਾਰਸ਼ਲ ਨੇ X 'ਤੇ ਕਿਹਾ: ਮੈਨੂੰ ਹੁਣੇ ਹੀ ਵਾਸ਼ਿੰਗਟਨ, ਡੀ.ਸੀ. ਜਾਂਦੇ ਸਮੇਂ ਇੱਕ ਜਹਾਜ਼ ਦੇ ਕਰੈਸ਼ ਹੋਣ ਦੀਆਂ ਰਿਪੋਰਟਾਂ ਮਿਲੀਆਂ ਹਨ। ਅਸੀਂ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿੱਚ ਹਾਂ। ਅਸੀਂ ਹਰ ਯਾਤਰੀ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਾਰਥਨਾ ਕਰਦੇ ਹਾਂ। ਫਿਲਹਾਲ ਜਾਨੀ ਨੁਕਸਾਨ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਦੇ ਅਨੁਸਾਰ, ਅਮਰੀਕਨ ਏਅਰਲਾਈਨਜ਼ ਦਾ ਜਹਾਜ਼ ਰੀਗਨ ਨੈਸ਼ਨਲ ਏਅਰਪੋਰਟ (DCA) 'ਤੇ ਰਨਵੇ 33 ਦੇ ਨੇੜੇ ਆ ਰਿਹਾ ਸੀ ਜਦੋਂ ਇਹ ਇੱਕ ਬਲੈਕਹਾਕ H-60 ਹੈਲੀਕਾਪਟਰ ਨਾਲ ਟਕਰਾ ਗਿਆ। ਹਾਦਸਾਗ੍ਰਸਤ ਜਹਾਜ਼, ਇੱਕ CRJ700 ਬੰਬਾਰਡੀਅਰ ਜਹਾਜ਼, ਵਪਾਰਕ ਉਡਾਣਾਂ ਲਈ ਤਿਆਰ ਕੀਤਾ ਗਿਆ ਸੀ ਅਤੇ ਇਸ ਵਿੱਚ 68 ਤੋਂ 73 ਯਾਤਰੀ ਬੈਠ ਸਕਦੇ ਹਨ।

## ਸਾਊਦੀ ਅਰਬ ਵਿਚ...

'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਐਕਸ 'ਤੇ ਪੋਸਟ ਕੀਤਾ ਅਤੇ ਕਿਹਾ, ''ਇਸ ਹਾਦਸੇ ਅਤੇ ਇਸ ਵਿਚ ਜਾਨ ਗੁਆਉਣ ਵਾਲਿਆਂ ਬਾਰੇ ਜਾਣ ਕੇ ਮੈਂ ਬਹੁਤ ਦੁਖੀ ਹਾਂ। ਜੇਦਾ ਵਿਚ ਸਾਡੇ ਕੌਂਸਲ ਜਨਰਲ ਨਾਲ ਗੱਲ ਕੀਤੀ, ਜੋ ਪ੍ਰਭਾਵਤ ਪ੍ਰਵਾਰਾਂ ਦੇ ਸੰਪਰਕ ਵਿਚ ਹਨ। ਉਹ ਇਸ ਦੁਖਦਾਈ ਸਥਿਤੀ ਵਿਚ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਹੇ ਹਨ।''

ਜੇਦਾ ਵਿਚ ਭਾਰਤ ਦਾ ਕੌਂਸਲੇਟ ਜਨਰਲ ਜ਼ਖ਼ਮੀਆਂ ਲਈ ਪੂਰੀ ਸਹਾਇਤਾ ਪ੍ਰਦਾਨ ਕਰ ਰਿਹਾ ਹੈ ਅਤੇ ਅਧਿਕਾਰੀਆਂ ਅਤੇ ਪ੍ਰਵਾਰਾਂ ਦੇ ਸੰਪਰਕ ਵਿਚ ਹੈ। ਦੂਤਾਵਾਸ ਨੇ ਜ਼ਖ਼ਮੀਆਂ ਦੇ ਜਲਦੀ ਠੀਕ ਹੋਣ ਦੀ ਵੀ ਕਾਮਨਾ ਕੀਤੀ ਹੈ ਅਤੇ ਹੋਰ ਪੁਛ ਗਿਛ ਲਈ ਇਕ ਹੈਲਪਲਾਈਨ ਸ਼ੁਰੂ ਕੀਤੀ ਹੈ। ਹੈਲਪਲਾਈਨ ਨੰਬਰ: 8002440003 (ਟੋਲ ਫਰੀ), 0122614093, 0126614276, 0556122301 (ਵਟਸਐਪ)

## ਕੈਨੇਡੀਅਨ ਕਮਿਸ਼ਨ ਦੀ...

ਕੋਲੰਬੀਆ 'ਚ ਨਿੱਝਰ ਦੇ ਕਤਲ 'ਚ ਭਾਰਤ ਸਰਕਾਰ ਦੇ ਏਜੰਟ ਸ਼ਾਮਲ ਸਨ। 'ਫੈੱਡਰਲ ਚੋਣ ਪ੍ਰਕਿਰਿਆਵਾਂ ਤੇ ਜਮਹੂਰੀ ਸੰਸਥਾਵਾਂ ਵਿਚ ਵਿਦੇਸ਼ੀ ਦਖਲਅੰਦਾਜ਼ੀ ਦੀ ਜਨਤਕ ਜਾਂਚ ਰਿਪੋਰਟ ਮੰਗਲਵਾਰ ਨੂੰ ਜਾਰੀ ਕੀਤੀ ਗਈ। ਰਿਪੋਰਟ 'ਚ ਕਮਿਸ਼ਨਰ ਮੈਰੀ-ਜੋਸੇ ਹਾਗ ਨੇ ਕਿਹਾ ਕਿ ਦੇਸ਼ ਦੇ ਹਿੱਤਾਂ ਦੇ ਉਲਟ ਫੈਸਲੇ ਲੈਣ ਵਾਲਿਆਂ ਨੂੰ ਸਜ਼ਾ ਦੇਣ ਲਈ ਗਲਤ ਜਾਣਕਾਰੀ ਦੀ ਵਰਤੋਂ ਬਦਲੇ ਦੀ ਰਣਨੀਤੀ ਵਜੋਂ ਕੀਤੀ ਜਾਂਦੀ ਹੈ।'

ਇਸ 123 ਪੰਨਿਆਂ ਦੀ ਰਿਪੋਰਟ ਵਿੱਚ 6 ਭਾਰਤੀ ਡਿਪਲੋਮੈਟਾਂ ਨੂੰ ਕੱਢਣ ਦਾ ਵੀ ਜ਼ਿਕਰ ਹੈ। ਇਸ ਵਿੱਚ ਕਿਹਾ ਗਿਆ ਹੈ, "ਅਕਤੂਬਰ 2024 ਵਿੱਚ ਕੈਨੇਡਾ ਨੇ 6 ਭਾਰਤੀ ਡਿਪਲੋਮੈਟਾਂ ਅਤੇ ਕੌਂਸਲਰ ਅਧਿਕਾਰੀਆਂ ਨੂੰ ਕੱਢ ਦਿੱਤਾ ਸੀ...।" ਇਸ ਮਗਰੋਂ ਭਾਰਤ ਨੇ ਵੀ 6 ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢ ਦਿੱਤਾ ਅਤੇ ਆਪਣੇ ਹਾਈ ਕਮਿਸ਼ਨਰ ਨੂੰ ਵਾਪਸ ਬੁਲਾਉਣ ਦਾ ਐਲਾਨ ਕੀਤਾ ਸੀ।

## ਟਰੰਪ ਦੇ ਫ਼ੈਸਲੇ ਨਾਲ...

ਲਈ ਇੱਕ ਬੇਮਿਸਾਲ ਕਦਮ ਮੰਨਿਆ ਜਾ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਅਮਰੀਕਾ ਵਿੱਚ ਸੰਘੀ ਕਰਮਚਾਰੀਆਂ ਦੀ ਛਾਂਟੀ ਦੀ ਤਿਆਰੀ ਹੈ। ਅਮਰੀਕੀ ਸਰਕਾਰ ਦੀ ਮਨੁੱਖੀ ਸਰੋਤ ਏਜੰਸੀ ਨੇ ਵੀ ਭਵਿੱਖ ਵਿੱਚ ਛਾਂਟੀ ਦੀ ਚਿਤਾਵਨੀ ਦਿੱਤੀ ਹੈ।

ਕਰਮਚਾਰੀਆਂ ਦੀ ਛਾਂਟੀ ਲਈ ਟਰੰਪ ਮਸਕ ਮਾਡਲ ਅਪਨਾ ਰਹੇ ਹਨ। ਅਸਲ ਵਿਚ ਮਸਕ ਨੇ ਟਵਿੱਟਰ ਖਰੀਦਣ ਮਗਰੋਂ ਛਾਂਟੀ ਲਈ ਕੁਝ ਅਜਿਹਾ ਹੀ ਮਾਡਲ ਅਪਣਾਇਆ ਸੀ। ਟਰੰਪ ਦੇ ਇਸ ਆਰਡਰ ਵਿਚ ਪੋਸਟਲ ਪਰਵਿਸ, ਇਮੀਗ੍ਰੇਸ਼ਨ ਅਤੇ ਫੌਜੀ ਸੈਕਟਰ ਸ਼ਾਮਲ ਨਹੀਂ ਹਨ। ਇਨ੍ਹਾਂ ਖੇਤਰਾਂ ਦੇ ਇਲਾਵਾ ਫ਼ੈਸਲੇ ਦਾ ਅਸਰ ਪਾਸਪੋਰਟ ਸੇਵਾ, ਯਾਤਰਾ, ਸੋਸ਼ਲ ਸਿਕਓਰਿਟੀ , ਬੀਮਾ, ਸਿੱਖਿਆ ਅਤੇ ਸਾਰੀਆਂ ਬੁਨਿਆਦੀ ਲੋੜਾਂ 'ਤੇ ਵਿਆਪਕ ਤੌਰ 'ਤੇ ਪਵੇਗਾ। ਅਮੇਰਿਕਨ ਫੈਡਰੇਸ਼ਨ ਆਫ ਗਵਰਮੈਂਟ ਐਂਪਲਾਈਜ਼ ਕਰਮਚਾਰੀ ਸੰਘ ਨੇ ਫ਼ੈਸਲੇ ਦੀ ਨਿੰਦਾ ਕੀਤੀ ਹੈ। ਸੰਘ ਨੇ ਕਿਹਾ ਕਿ ਜਿਹੜੇ ਕਰਮਚਾਰੀ ਟਰੰਪ ਪ੍ਰਸ਼ਾਸਨ ਪ੍ਰਤੀ ਵਫਾਦਾਰ ਨਹੀਂ ਹਨ ਇਸ ਆਦੇਸ਼ ਜ਼ਰੀਏ ਉਨ੍ਹਾਂ 'ਤੇ ਨੌਕਰੀ ਛੱਡਣ ਦਾ ਦਬਾਅ ਬਣਾਇਆ ਜਾ ਰਿਹਾ ਹੈ। ਇਸ ਦੇ ਨਤੀਜੇ ਗੰਭੀਰ ਹੋਣਗੇ।

ਇਸ ਸਭ ਵਿਚਕਾਰ ਪ੍ਰਸ਼ਾਸਨ ਨੇ ਅਰਬਾਂ ਡਾਲਰ ਦੇ ਖਰਚ ਨੂੰ ਰੋਕਣ ਵਾਲਾ ਆਪਣਾ ਹੁਕਮ ਵਾਪਸ ਲੈ ਲਿਆ ਹੈ। ਟਰੰਪ ਪ੍ਰਸ਼ਾਸਨ ਨੇ ਇਹ ਫ਼ੈਸਲਾ ਇੱਕ ਸੰਘੀ ਅਦਾਲਤ ਵੱਲੋਂ ਫ਼ੈਸਲੇ 'ਤੇ ਰੋਕ ਲਗਾਉਣ ਤੋਂ ਬਾਅਦ ਲਿਆ। ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਫ਼ੈਸਲਾ ਵਾਪਸ ਲੈਣ ਦੀ ਜਾਣਕਾਰੀ ਦਿੱਤੀ। ਟਰੰਪ ਪ੍ਰਸ਼ਾਸਨ ਦੇ ਇਸ ਫ਼ੈਸਲੇ ਨਾਲ ਅਮਰੀਕੀ ਪ੍ਰੋਜੈਕਟਾਂ ਲਈ ਸੈਂਕੜੇ ਅਰਬ ਡਾਲਰ ਦੀ ਸਹਾਇਤਾ ਵਿੱਚ ਵਿਘਨ ਪੈਣ ਦਾ ਖ਼ਤਰਾ ਹੈ। 20 ਜਨਵਰੀ ਨੂੰ ਟਰੰਪ ਦੇ ਸਹੁੰ ਚੁੱਕਣ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਉਨ੍ਹਾਂ ਦੀ ਸਰਕਾਰ ਨੇ ਕੋਈ ਵੱਡਾ ਫ਼ੈਸਲਾ ਵਾਪਸ ਲਿਆ ਹੈ।

## ਟਰੰਪ ਦੀ ਟੈਰਿਫ ਧਮਕੀ...

ਪੋਸਟ ਵਿੱਚ ਕਿਹਾ ਕਿ ਉਹ ਇੱਕ ਕਾਰੋਬਾਰੀ ਔਰਤ ਹੈ ਅਤੇ ਦੇਸ਼ ਨੂੰ ਇੱਕ ਅਜਿਹੇ ਵਿਅਕਤੀ ਦੀ ਲੋੜ ਹੈ ਜਿਸਨੇ ਇੱਕ ਸਫਲ ਕਾਰੋਬਾਰ ਚਲਾਇਆ ਹੋਵੇ ਅਤੇ ਜੋ ਜਾਣਦਾ ਹੋਵੇ ਕਿ ਚੰਗੀ ਡੀਲ ਕਿਵੇਂ ਕੀਤੀ ਜਾਵੇ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਟਰੂਡੋ ਦੀ ਟੀਮ ਜਾਂ ਪੁਰਾਣੇ ਸਿਸਟਮ ਦੇ ਕਿਸੇ ਵੀ ਵਿਅਕਤੀ ਦੀ ਗੱਲ ਨਹੀਂ ਸੁਣਨਗੇ।

ਰੂਬੀ ਢੱਲਾ ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ ਲਿਖਿਆ,"ਟੈਰਿਫ ਆਉਣ ਵਾਲੇ ਹਨ।" ਟਰੰਪ ਸੱਤਾ ਨੂੰ ਸਮਝਦੇ ਹਨ ਅਤੇ ਜਾਣਦੇ ਹਨ ਕਿ ਸੌਦਾ ਕਿਵੇਂ ਕਰਨਾ ਹੈ। ਕੋਲੰਬੀਆ ਨੂੰ ਹੀ ਦੇਖ ਲਓ। ਟਰੰਪ ਇੱਕ ਕਾਰੋਬਾਰੀ ਹੈ। ਮੈਂ ਵੀ ਇਕ ਬਿਜ਼ਨੈੱਸ ਵੂਮਨ ਹਾਂ। ਦੇਸ਼ ਨੂੰ ਕਿਸੇ ਅਜਿਹੇ ਵਿਅਕਤੀ ਦੀ ਲੋੜ ਹੈ ਜਿਸਨੇ ਇੱਕ ਸਫਲ ਕਾਰੋਬਾਰ ਚਲਾਇਆ ਹੋਵੇ ਅਤੇ ਜੋ ਜਾਣਦਾ ਹੋਵੇ ਕਿ ਕੈਨੇਡੀਅਨਾਂ ਅਤੇ ਸਾਡੇ ਦੇਸ਼ ਲਈ ਇੱਕ ਚੰਗਾ ਸੌਦਾ ਕਿਵੇਂ ਪ੍ਰਾਪਤ ਕਰਨਾ ਹੈ। ਟਰੰਪ ਟਰੂਡੋ ਦੀ ਟੀਮ ਜਾਂ ਪੁਰਾਣੀ ਸੰਸਥਾ ਦੇ ਕਿਸੇ ਵੀ ਵਿਅਕਤੀ ਦੀ ਗੱਲ ਨਹੀਂ ਸੁਣੇਗਾ। ਸਾਨੂੰ ਬਦਲਾਅ ਦੀ ਲੋੜ ਹੈ। ਅਸਲ ਬਦਲਾਅ।" ਤੁਹਾਨੂੰ ਦੱਸ ਦੇਈਏ ਕਿ ਰੂਬੀ ਢੱਲਾ ਵੀ ਇੱਕ ਹੋਟਲ ਕਾਰੋਬਾਰੀ ਹੈ। ਉਹ ਕੈਨੇਡਾ ਵਿੱਚ ਤਿੰਨ ਵਾਰ ਸੰਸਦ ਮੈਂਬਰ ਚੁਣੀ ਗਈ ਹੈ। ਆਪਣੇ ਕਰੀਅਰ ਦੇ ਸ਼ੁਰੂਆਤੀ ਦਿਨਾਂ ਵਿੱਚ ਉਸਨੇ ਮਾਡਲਿੰਗ ਦੇ ਖੇਤਰ ਵਿੱਚ ਵੀ ਆਪਣੀ ਕਿਸਮਤ ਅਜ਼ਮਾਈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿੱਚ ਕੈਨੇਡਾ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਆਪਣੀ ਸਰਹੱਦ ਰਾਹੀਂ ਅਮਰੀਕਾ ਵਿੱਚ ਨਸ਼ੀਲੇ ਪਦਾਰਥਾਂ ਦੀ ਘੁਸਪੈਠ ਅਤੇ ਤਸਕਰੀ ਦੀ ਇਜਾਜ਼ਤ ਨਾ ਦੇਵੇ, ਨਹੀਂ ਤਾਂ ਉਸਨੂੰ ਉੱਚ ਟੈਰਿਫ ਦੇ ਰੂਪ ਵਿੱਚ ਨਤੀਜੇ ਭੁਗਤਣੇ ਪੈਣਗੇ। ਟਰੰਪ ਦੀ ਟੈਰਿਫ ਸੰਬੰਧੀ ਚਿਤਾਵਨੀ ਦਾ ਕੈਨੇਡਾ ਤੋਂ ਵੀ ਜਵਾਬ ਦਿੱਤਾ ਗਿਆ। ਹੁਣ ਰੂਬੀ ਢੱਲਾ ਨੇ ਵੀ ਇਸ ਮੁੱਦੇ 'ਤੇ ਆਪਣੀ ਯੋਗਤਾ ਦਿਖਾ ਕੇ ਜਨਤਾ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਟਰੰਪ ਅਤੇ ਖੁਦ ਕਾਰੋਬਾਰੀ ਹੋਣ ਬਾਰੇ ਗੱਲ ਕਰਕੇ, ਉਸਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇਕਰ ਉਹ ਸੱਤਾ ਵਿੱਚ ਆਉਂਦੀ ਹੈ ਤਾਂ ਟੈਰਿਫ ਦਾ ਮੁੱਦਾ ਵੀ ਹੱਲ ਹੋ ਜਾਵੇਗਾ।

## ਅਮਰੀਕੀ ਫ਼ੌਜ 'ਚ...

ਹਟਾ ਦਿਤਾ ਗਿਆ ਸੀ। ਟਰੰਪ ਦੇ ਕਾਰਜਕਾਰੀ ਆਦੇਸ਼ ਵਿਚ ਅਮਰੀਕਾ ਲਈ ਮਿਜ਼ਾਈਲ ਰਖਿਆ ਢਾਲ ਦੀ ਤਾਇਨਾਤੀ ਦਾ ਪ੍ਰਬੰਧ ਕੀਤਾ ਗਿਆ ਹੈ।

ਟਰੰਪ ਅਤੇ ਰਖਿਆ ਮੰਤਰੀ ਹੇਗਸੇਥ ਦੋਵਾਂ ਨੇ ਪੂਰੇ ਦਿਨ ਵਿਚ ਅਨੁਮਾਨਿਤ ਆਦੇਸ਼ਾਂ ਦੇ ਕੁਝ ਹਿੱਸਿਆਂ ਦਾ ਵਰਣਨ ਕੀਤਾ, ਪਰ ਸੋਮਵਾਰ ਦੇਰ ਸ਼ਾਮ ਤਕ ਇਨ੍ਹਾਂ ਕਾਰਜਕਾਰੀ ਆਦੇਸ਼ਾਂ ਬਾਰੇ ਕਿਸੇ ਜਾਣਕਾਰੀ ਦਾ ਪ੍ਰਗਟਾਵਾ ਨਹੀਂ ਕੀਤਾ ਗਿਆ ਸੀ। ਟਰਾਂਸਜੈਂਡਰ ਸੈਨਿਕਾਂ 'ਤੇ ਪਾਬੰਦੀ ਦੀ ਵਿਆਪਕ ਤੌਰ 'ਤੇ ਉਮੀਦ ਕੀਤੀ ਜਾ ਰਹੀ ਸੀ ਅਤੇ ਟਰੰਪ ਦੁਆਰਾ ਦਸਤਖ਼ਤ ਕੀਤੇ ਗਏ ਆਦੇਸ਼ ਨੂੰ ਭਵਿੱਖ ਵਿਚ ਪਾਬੰਦੀਆਂ ਵੱਲ ਇਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ।

ਟਰੰਪ ਨੇ ਅਪਣੇ ਆਦੇਸ਼ ਵਿਚ ਦਾਅਵਾ ਕੀਤਾ ਕਿ ਟਰਾਂਸਜੈਂਡਰ ਸੈਨਿਕਾਂ ਦੁਆਰਾ ਫ਼ੌਜ ਵਿਚ ਸੇਵਾ ਕਰਨਾ 'ਸਨਮਾਨਯੋਗ, ਅਖੰਡਤਾ ਅਤੇ ਅਨੁਸ਼ਾਸਿਤ ਜੀਵਨ ਸ਼ੈਲੀ' ਨੂੰ ਲੈ ਕੇ ਵਚਨਬੱਧਤਾ ਨਾਲ ਟਕਰਾਅ ਦੀ ਸਥਿਤੀ ਪੈਦਾ ਕਰਦਾ ਹੈ। ਟਰੰਪ ਨੇ ਇਸ ਨੂੰ ਫ਼ੌਜ ਦੀ ਤਿਆਰੀ ਲਈ ਨੁਕਸਾਨਦੇਹ ਦੱਸਦੇ ਹੋਏ ਇਸ ਨੂੰ ਸੋਧਣ ਲਈ ਵੀ ਕਿਹਾ ਹੈ।

ਅਪਣੇ ਪਹਿਲੇ ਕਾਰਜਕਾਲ ਦੌਰਾਨ, ਟਰੰਪ ਨੇ ਟਰਾਂਸਜੈਂਡਰ ਫ਼ੌਜਾਂ 'ਤੇ ਪਾਬੰਦੀ ਲਗਾਉਣ ਦੀ ਕੋਸ਼ਿਸ਼ ਕੀਤੀ, ਪਰ ਇਹ ਮੁੱਦਾ ਸਾਲਾਂ ਤਕ ਅਦਾਲਤਾਂ ਵਿਚ ਲਟਕਦਾ ਰਿਹਾ। ਇਸ ਦੇ ਬਾਅਦ ਤਤਕਾਲੀਨ ਰਾਸ਼ਟਰਪਤੀ ਜੋ ਬਾਈਡੇਨ ਨੇ ਅਹੁਦਾ ਸੰਭਾਲਣ ਤੋਂ ਤੁਰਤ ਬਾਅਦ ਇਸ ਨੂੰ ਪਲਟ ਦਿਤਾ ਸੀ।

# ਬਰੈਂਪਟਨ 'ਚ ਪੈਟਰੋਲ ਪੰਪ ਲੁੱਟਣ ਵਾਲਾ ਪੰਜਾਬੀ ਗ੍ਰਿਫ਼ਤਾਰ



ਪੁਲਿਸ ਨੇ ਬਰੈਂਪਟਨ ਦੀ ਹੁਰਓਂਟਾਰੀਓ ਸਟਰੀਟ ਅਤੇ ਬੋਵੇਡ ਡਰਾਈਵ ਸਥਿਤ ਗੈਸ ਸਟੇਸ਼ਨ (ਪੈਟਰੋਲ ਪੰਪ) ਵਿੱਚ ਪਿਛਲੇ ਹਫਤੇ ਲੁੱਟ-ਖੋਹ ਕਰਨ ਵਾਲਿਆਂ 'ਚੋਂ ਇੱਕ ਨੂੰ ਗ੍ਰਿਫਤਾਰ ਕਰਕੇ ਦੋਸ਼ ਆਇਦ ਕਰ ਦਿੱਤੇ ਹਨ, ਜਦਕਿ ਦੂਜੇ ਦੀ ਭਾਲ ਜਾਰੀ ਹੈ। ਪੀਲ ਪੁਲਿਸ ਅਨੁਸਾਰ ਜਗਤਾਰ ਸਿੰਘ (30) ਨੂੰ ਵਾਰਦਾਤ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ ਹੈ। ਦੂਜੇ ਮੁਲਜ਼ਮ ਤਰਨਜੋਤ ਸਿੰਘ (30) ਦੀ ਗ੍ਰਿਫ਼ਤਾਰੀ ਲਈ ਅਦਾਲਤੀ ਵਾਰੰਟ ਹਾਸਲ ਕਰ ਲਏ ਗਏ ਹਨ।

ਪੁਲਿਸ ਨੇ ਦੱਸਿਆ ਕਿ ਦੋਵੇਂ ਗੈਸ ਸਟੇਸ਼ਨ 'ਤੇ ਗਏ ਤੇ ਮੁਲਾਜ਼ਮਾਂ ਨੂੰ ਅਸਲਾ ਵਿਖਾ ਕੇ ਨਕਦੀ ਅਤੇ ਕੁਝ ਹੋਰ ਕੀਮਤੀ ਸਾਮਾਨ ਲੁੱਟ ਕੇ ਫ਼ਰਾਰ ਹੋ ਗਏ ਸਨ। ਇਸ ਸਬੰਧੀ ਪੁਲਿਸ ਨੇ ਜਗਤਾਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ, ਜਦਕਿ ਤਰਨਜੋਤ ਦੀ ਭਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਤਰਨਜੋਤ ਸਿੰਘ ਨੂੰ ਵੀ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

REXDALE
Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre



Best Bargain
Carpet & Flooring
Residential - Commercial - Industrial
Sale & Custom Installation done by Professionals
LAUZON
Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh





BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installat on
CAT Batteries 1000c Under Warranty
$550
Instalatior Includec
MICHELIN
BFGoodrich
DUNLOP
GOODYEAR
Hankook
Xceed
AEOLUS
ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron
Delo
open 7 Days a Week.

# ਦੁਨੀਆਂ ਦੇ ਕਿਸੇ ਵੀ ਦੇਸ਼ ਜਾਵੋ, ਸਫ਼ਲਤਾ ਸਿਰਫ਼ ਮਿਹਨਤ ਅਤੇ ਇਮਾਨਦਾਰੀ ਨਾਲ ਹੀ ਮਿਲਦੀ ਹੈ : ਰੰਧਾਵਾ



ਲੁਧਿਆਣਾ:ਅਮਰੀਕਾ ਦੇ ਜਾਣੇ ਪਹਿਚਾਣੇ ਚਿੰਤਕ ਅਤੇ ਕੈਲੀਫੋਰਨੀਆਂ ਦੇ ਸਿਟੀ ਕਮਿਸ਼ਨਰ ਸ. ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਚਲੇ ਜਾਵੋ, ਦ੍ਰਿੜ ਇਰਾਦੇ ਅਤੇ ਕੰਮ ਸਭਿਆਚਾਰ ਤੁਹਾਡੇ ਸੁਭਾਅ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ ਕਿਉਂਕਿ ਇਹੀ ਸੁਭਾਅ ਸਮਾਜ ਵਿੱਚ ਤੁਹਾਡੀ ਚੰਗੀ ਪਹਿਚਾਣ ਬਣਾਉਂਦਾ ਹੈ। ਜ਼ਿੰਦਗੀ ਵਿੱਚ ਸਫਲਤਾ ਸਬੰਧੀ ਗੱਲ ਕਰਦਿਆਂ ਸਰਦਾਰ ਰੰਧਾਵਾ ਨੇ ਕਿਹਾ ਦੇਸ਼ ਕੋਈ ਵੀ ਹੋਵੇ ਸਫਲਤਾ ਦਾ ਫਾਰਮੂਲਾ ਸਿਰਫ ਮਿਹਨਤ ਅਤੇ ਇਮਾਨਦਾਰੀ ਹੀ ਹੁੰਦਾ ਹੈ।ਬਾਬਾ ਫਰੀਦ ਫਾਊਂਡੇਸ਼ਨ ਇੰਟਰਨੈਸ਼ਨਲ ਵੱਲੋਂ ਅਯੋਜਿਤ ਇੱਕ ਸਮਾਗਮ ਵਿੱਚ ਸ. ਰੰਧਾਵਾ ਨੇ ਦੱਸਿਆ ਕਿ ਉਹ ਤੀਹ ਸਾਲ ਤੋਂ ਅਮਰੀਕਾ ਰਹਿ ਰਹੇ ਹਨ ਜਦੋਂ ਕਿ ਆਪਣੇ ਕਾਰੋਬਾਰ ਅਤੇ ਸਾਹਿਤਕ ਗਤੀਵਿਧੀਆਂ ਕਰਕੇ ਉਹਨਾ ਨੂੰ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਜਾਣ ਦਾ ਮੌਕਾ ਵੀ ਮਿਲਦਾ ਰਹਿੰਦਾ ਹੈ ਇਸ ਲਈ ਮੈਂ ਹਰ ਮੁਲਕ ਵਿੱਚ ਮਿਹਨਤ ਅਤੇ ਇਮਾਨਦਾਰੀ ਦਾ ਬੋਲਬਾਲਾ ਦੇਖਿਆ ਹੈ।ਸਮਾਗਮ ਦੌਰਾਨ ਫਾਊਂਡੇਸ਼ਨ ਦੇ ਚੇਅਰਮੈਨ ਜੱਥੇਦਾਰ ਪ੍ਰੀਤਮ ਸਿੰਘ ਭਰੋਵਾਲ ਅਤੇ ਸਕੱਤਰ ਜਨਰਲ ਡਾ ਨਿਰਮਲ ਜੌੜਾ ਨੇ ਸ ਰੰਧਾਵਾ ਦਾ ਸਨਮਾਨ ਕੀਤਾ।ਸਨਮਾਨ ਪ੍ਰਾਪਤੀ ਉਪਰੰਤ ਸ ਰੰਧਾਵਾ ਨੇ ਇਹ ਵੀ ਕਿਹਾ ਕਿ ਸਾਨੂੰ ਆਪਣੀ ਮਾਂ ਬੋਲੀ ਅਤੇ ਸਭਿਆਚਾਰ ਉੱਤੇ ਮਾਣ ਹੋਣਾ ਚਾਹੀਦਾ ਹੈ।ਉਹਨਾ ਕਿਹਾ ਕਿ ਸੱਤ ਸਮੁੰਦਰ ਪਾਰ ਜਾਕੇ ਵੀ ਸਾਨੂੰ ਸਾਡੀ ਭਾਸ਼ਾ ਅਤੇ ਰੀਤੀ ਰਿਵਾਜ਼ ਸਕੂਨ ਦਿੰਦੇ ਹਨ। ਸ ਰੰਧਾਵਾ ਦਾ ਸਾਵਗਤ ਕਰਦਿਆਂ ਫਾਊਂਡੇਸ਼ਨ ਦੇ ਸਕੱਤਰ ਜਨਰਲ ਡਾ ਨਿਰਮਲ ਜੌੜਾ ਨੇ ਕਿਹਾ ਕਿ ਗੁਰਜਤਿੰਦਰ ਰੰਧਾਵਾ ਜਿਥੇ ਮਿਹਨਤੀ ਸੁਭਾਅ ਦਾ ਮਾਲਕ ਹਨ ਉਥੇ ਆਪਣੇ ਕੰਮ ਵਿੱਚ ਦਿਲਚਸਪੀ ਅਤੇ ਲਗਨ ਰੱਖਣ ਵਾਲੇ ਇਨਸਾਨ ਹਨ। ਡਾ ਨਿਰਮਲ ਜੌੜਾ ਨੇ ਦੱਸਿਆ ਕਿ ਸ. ਰੰਧਾਵਾ ਨੇ ਅਮਰੀਕਾ ਵਰਗੇ ਵਿਕਸਤ ਮੁਲਕ ਵਿੱਚ ਜਾਕੇ ਆਪਣੀ ਮਿਹਨਤ ਦੇ ਬਲਬੂਤੇ ਜਿੱਥੇ ਕਾਰੋਬਾਰੀਆਂ ਦੀ ਕਤਾਰ ਵਿੱਚ ਜਗਾ ਬਣਾਈ ਹੈ ਉਥੇ ਉਥੋਂ ਦੀ ਰਾਜਨੀਤੀ ਵਿੱਚ ਆਪਣੇ ਆਪ ਨੂੰ ਮਜ਼ਬੂਤ ਕੀਤਾ ਹੈ ।ਸਮਾਗਮ ਦੀ ਪ੍ਰਧਾਨਗੀ ਕਰਦਿਆਂ ਫਾਊਂਡੇਸ਼ਨ ਦੇ ਚੇਅਰਮੈਨ ਜੱਥੇਦਾਰ ਪ੍ਰੀਤਮ ਸਿੰਘ ਭਰੋਵਾਲ ਨੇ ਕਿਹਾ ਗੁਰਜਤਿੰਦਰ ਰੰਧਾਵਾ ਬਹੁ-ਪਰਤੀ ਵਿਚਰਨ ਵਾਲਾ ਉੱਦਮੀ ਇਨਸਾਨ ਹੈ ਜਿਸ ਨੇ ਵਪਾਰ, ਮੀਡੀਆ, ਸਾਹਿਤ , ਸਭਿਆਚਾਰ ਦੇ ਨਾਲ ਨਾਲ ਰਾਜਨੀਤੀ ਅਤੇ ਸਮਾਜ ਸੇਵਾ ਵਿੱਚ ਚੰਗੇ ਕਾਰਜ ਕਰਕੇ ਦੁਨੀਆਂ ਵਿੱਚ ਆਪਣਾ ਨਾਮ ਕਮਾਇਆ ਹੈ । ਸ ਭਰੋਵਾਲ ਨੇ ਦੱਸਿਆ ਪਿਛਲੇ ਸਮੇਂ ਪ੍ਰਕਾਸ਼ਤ ਹੋਈ ਡਾ ਪਰਭਲੀਨ ਸਿੰਘ ਪਟਿਆਲਾ ਦੀ ਲਿਖੀ ਪੁੱਸਤਕ 'ਪਰੌਮੀਨੈਂਟ ਸਿੱਖਸ ਆਫ ਯੂ ਐਸ ਏ' ਵਿੱਚ ਸ ਰੰਧਾਵਾ ਦਾ ਜੀਵਨ ਵਿਊਰਾ ਛਪਣਾ ਮਾਣ ਵਾਲੀ ਗੱਲ ਹੈ ਕਿਉਂਕਿ ਇਸ ਪੁਸਤਕ ਵਿੱਚ ਅਮਰੀਕਾ ਦੇ ਚੋਣਵੇਂ ਸਿੱਖਾਂ ਬਾਰੇ ਚਰਚਾ ਕੀਤੀ ਗਈ ਹੈ । 'ਪਰੌਮੀਨੈਂਟ ਸਿੱਖਸ ਆਫ ਯੂ ਐਸ ਏ' ਪੁੱਸਤਕ ਦੀ ਇੱਕ ਕਾਪੀ ਸ. ਰੰਧਾਵਾ ਵੱਲੋਂ ਬਾਬਾ ਫਰੀਦ ਲਾਇਬ੍ਰੇਰੀ ਲਈ ਭੇਟ ਕੀਤੀ । ਇਸ ਮੌਕੇ ਸ ਰੰਧਾਵਾ ਰਚਿਤ ਦੋ ਪੁੱਸਤਕਾਂ ' ਪ੍ਰਵਾਸੀ ਮੁੱਦੇ ' ਅਤੇ ' ਆਵਾਜ਼ -ਏ -ਪ੍ਰਵਾਸ' 'ਤੇ ਵੀ ਚਰਚਾ ਕੀਥੀ ਗਈ। ਇਸ ਮੌਕੇ ਜਸਵੰਤ ਸਿੰਘ ਛਾਪਾ ਅਤੇ ਡਾ ਚੰਦਰ ਭਨੋਟ ਨੇ ਸ ਗੁਰਜਤਿੰਦਰ ਸਿੰਘ ਰੰਧਾਵਾ ਦਾ ਧੰਨਵਾਦ ਕੀਤਾ।

## ਭਾਰਤ ਤੋਂ ਅਮਰੀਕਾ ਪਹੁੰਚੀਆਂ ਪਾਬੰਦੀਸ਼ੁਦਾ 70 ਹਜ਼ਾਰ ਨਸ਼ੀਲੀਆਂ ਗੋਲੀਆਂ

ਅਮਰੀਕਾ ਵਿਚ ਭਾਰਤ ਤੋਂ ਸਪਲਾਈ ਕੀਤੇ ਗਏ ਧਾਗੇ ਦੀ ਖੇਪ ਵਿਚ 70 ਹਜ਼ਾਰ ਗੋਲੀਆਂ ਬਰਾਮਦ ਹੋਈਆਂ ਹਨ। ਇਨ੍ਹਾਂ ਗੋਲੀਆਂ ਦੀ ਕੀਮਤ 33,000 ਅਮਰੀਕੀ ਡਾਲਰ ਦੱਸੀ ਜਾ ਰਹੀ ਹੈ। ਅਮਰੀਕਾ ਦੇ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਵਿਭਾਗ ਨੇ ਇਹ ਜਾਣਕਾਰੀ ਦਿਤੀ ਹੈ। ਵਿਭਾਗ ਦਾ ਕਹਿਣਾ ਹੈ ਕਿ ਉਸ ਨੇ ਇਹ ਗੋਲੀਆਂ ਧਾਗੇ ਦੀ ਖੇਪ ਵਿਚੋਂ ਬਰਾਮਦ ਕੀਤੀਆਂ ਹਨ। ਇਹ ਗੋਲੀਆਂ ਬੁਏਨਾ ਪਾਰਕ, ਕੈਲੀਫੋਰਨੀਆ ਦੇ ਇਕ ਪਤੇ 'ਤੇ ਭੇਜੀਆਂ ਜਾਣੀਆਂ ਸਨ। ਅਮਰੀਕਾ ਵਿਚ ਇਨ੍ਹਾਂ ਗੋਲੀਆਂ ਦੇ ਸੇਵਨ 'ਤੇ ਪਾਬੰਦੀਆਂ ਹਨ ਅਤੇ ਡਾਕਟਰੀ ਸਲਾਹ-ਮਸ਼ਵਰੇ ਤੋਂ ਬਿਨਾਂ ਇਨ੍ਹਾਂ ਨੂੰ ਖ਼ਰੀਦਣ ਜਾਂ ਸੇਵਨ ਕਰਨ ਦੀ ਮਨਾਹੀ ਹੈ। ਅਜਿਹੇ 'ਚ ਇਹ ਨਸ਼ਾ ਤਸਕਰੀ ਦਾ ਮਾਮਲਾ ਵੀ ਹੋ ਸਕਦਾ ਹੈ। ਧਾਗੇ ਦੇ ਸਾਮਾਨ ਵਿਚ ਇਸ ਤਰ੍ਹਾਂ ਦੀਆਂ ਗੋਲੀਆਂ ਮਿਲਣਾ ਚਿੰਤਾਜਨਕ ਹੈ। ਜ਼ੋਲਪੀਡੇਮ ਟਾਰਟਰੇਟ ਨਾਮਕ ਇਨ੍ਹਾਂ ਗੋਲੀਆਂ ਨੂੰ ਡਰੱਗ ਇਨਫ਼ੋਰਸਮੈਂਟ ਪ੍ਰਸ਼ਾਸਨ ਦੁਆਰਾ ਨਿਯੰਤਰਿਤ ਪਦਾਰਥਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਨੂੰ ਨਸ਼ਿਆਂ ਗੋਲੀਆਂ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਕਈ ਵਾਰ ਲੋਕ ਇਨ੍ਹਾਂ ਨੂੰ ਨੀਂਦ ਦੀਆਂ ਗੋਲੀਆਂ ਵਜੋਂ ਵੀ ਵਰਤਦੇ ਹਨ। ਨਸ਼ੇ ਦੇ ਆਦੀ ਲੋਕ ਵੀ ਇਹ ਗੋਲੀਆਂ ਖ਼ਰੀਦਦੇ ਹਨ। ਇਹ ਦਵਾਈ ਡਾਕਟਰਾਂ ਵਲੋਂ ਇਨਸੌਮਨੀਆ ਦੇ ਇਲਾਜ ਲਈ ਮਰੀਜ਼ਾਂ ਨੂੰ ਦਿਤੀ ਜਾਂਦੀ ਹੈ। ਪਰ ਅਕਸਰ ਇਨ੍ਹਾਂ ਦੀ ਬੇਲੋੜੀ ਵਰਤੋਂ ਦੀਆਂ ਸ਼ਿਕਾਇਤਾਂ ਆਉਂਦੀਆਂ ਹਨ। ਇਸੇ ਕਾਰਨ ਇਨ੍ਹਾਂ ਦੀ ਵਿਕਰੀ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਵਿਭਾਗ (ਸੀਬੀਪੀ) ਅਧਿਕਾਰੀਆਂ ਨੇ 17 ਦਸੰਬਰ ਨੂੰ ਵਾਸ਼ਿੰਗਟਨ ਡੁਲਸ ਹਵਾਈ ਅੱਡੇ ਦੇ ਨੇੜੇ ਇਕ ਏਅਰ ਕਾਰਗੋ ਵੇਅਰਹਾਊਸ ਵਿਚ ਕਾਲੇ ਧਾਗੇ ਦੇ 96 ਰੋਲ ਦੀ ਇਕ ਸ਼ਿਪਮੈਂਟ ਦੀ ਜਾਂਚ ਕੀਤੀ। ਉਨ੍ਹਾਂ ਨੂੰ ਕਾਲੇ ਧਾਗੇ ਦੇ 96 ਸਪੂਲਾਂ ਵਿਚੋਂ ਹਰੇਕ ਵਿਚ ਲੁਕੀਆਂ ਕੁੱਲ 69,813 ਗੋਲੀਆਂ ਮਿਲੀਆਂ। ਵਿਭਾਗ ਨੇ ਮੀਡੀਆ ਨੂੰ ਦਸਿਆ ਕਿ ਇਨ੍ਹਾਂ ਗੋਲੀਆਂ ਦੀ ਕੀਮਤ ਕਰੀਬ 33,000 ਅਮਰੀਕੀ ਡਾਲਰ ਹੈ। ਵਾਸ਼ਿੰਗਟਨ, ਡੀਸੀ, ਖੇਤਰੀ ਬੰਦਰਗਾਹ ਲਈ ਸੀਬੀਪੀ ਦੇ ਖੇਤਰੀ ਬੰਦਰਗਾਹ ਨਿਰਦੇਸ਼ਕ ਕ੍ਰਿਸਟੀਨ ਵਾ ਨੇ ਕਿਹਾ, 'ਇਹ ਸੰਯੁਕਤ ਰਾਜ ਵਿਚ ਤਜਵੀਜ਼ ਵਾਲੀਆਂ ਦਵਾਈਆਂ ਦੀ ਵੱਡੀ ਮਾਤਰਾ ਵਿਚ ਤਸਕਰੀ ਕਰਨ ਦੀ ਕੋਸ਼ਿਸ਼ ਸੀ, ਪਰ ਵਧੀਆ ਕੋਸ਼ਿਸ਼ਾਂ ਦੇ ਬਾਵਜੂਦ, ਇਸ ਨੂੰ ਅਮਰੀਕੀ ਅਧਿਕਾਰੀਆਂ ਤੋਂ ਬਚਾਇਆ ਨਹੀਂ ਜਾ ਸਕਿਆ। ਦਸਣਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿਚ ਡਰੱਗ ਤਸਕਰੀ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਸੀ। ਉਨ੍ਹਾਂ ਨੇ ਇਸ ਮਾਮਲੇ 'ਚ ਚੀਨ, ਮੈਕਸੀਕੋ ਅਤੇ ਕੈਨੇਡਾ ਨੂੰ ਨਿਸ਼ਾਨਾ ਬਣਾਇਆ ਸੀ।

# ਜਨਮ ਅਧਿਕਾਰ ਨਾਗਰਿਕਤਾ 'ਤੇ ਪਾਬੰਦੀ ਲਗਾਉਣ ਵਾਲਾ ਬਿੱਲ ਸੈਨੇਟ ਵਿੱਚ ਕੀਤਾ ਗਿਆ ਪੇਸ਼



ਅਮਰੀਕਾ ਵਿੱਚ ਰਿਪਬਲਿਕਨ ਪਾਰਟੀ ਦੇ ਕੁਝ ਸਾਂਸਦਾਂ ਦੇ ਇੱਕ ਸਮੂਹ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਅਤੇ ਅਸਥਾਈ ਵੀਜ਼ੇ ਉਤੇ ਦੇਸ਼ ਵਿਚ ਰਹਿਣ ਵਾਲੇ ਗੈਰ ਪ੍ਰਵਾਸੀਆਂ ਦੇ ਬੱਚਿਆਂ ਨੂੰ ਜਨਮ ਅਧਿਕਾਰ ਨਾਗਰਿਕਤਾ ਦਿੱਤੇ ਜਾਣ ਉਤੇ ਰੋਕ ਲਗਾਉਣ ਨਾਲ ਸਬੰਧਤ ਇਕ ਬਿੱਲ ਸੰਸਦ ਦੇ ਉੱਚ ਸਦਨ ਵਿਚ ਪੇਸ਼ ਕੀਤਾ ਹੈ

ਜਨਮ ਅਧਿਕਾਰ ਨਾਗਰਿਕਤਾ ਐਕਟ 2025 ਨਾਮਕ ਬਿੱਲ ਪੇਸ਼ ਕਰਨ ਵਾਲੇ ਸੈਨੇਟਰ ਲਿੰਡਸੇ ਗ੍ਰਾਹਮ, ਟੇਡ ਕਰੂਜ਼ ਅਤੇ ਕੇਟੀ ਬ੍ਰਿਟ ਅਨੁਸਾਰ, ਮੁੱਖ ਰੂਪ ਵਿਚ ਜਨਮ ਅਧਿਕਾਰ ਨਾਗਰਿਕਤਾ ਮਿਲਣ ਦੇ ਕਾਰਨ ਗ਼ੈਰ-ਕਾਨੂੰਨੀ ਅਪ੍ਰਵਾਸੀ ਅਮਰੀਕਾ ਵਿਚ ਆਉਂਦੇ ਹਨ ਅਤੇ ਇਹ ਰਾਸ਼ਟਰੀ ਸੁਰੱਖਿਆ ਦੇ ਲਈ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੁਨੀਆਂ ਦੇ ਉਨ੍ਹਾਂ 33 ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਜਨਮ ਅਧਿਕਾਰ ਨਾਗਰਿਕਤਾ 'ਤੇ ਕੋਈ ਪਾਬੰਦੀ ਨਹੀਂ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਕਾਰਜਕਾਲ ਦੇ ਪਹਿਲੇ ਦਿਨ ਇਸ ਸਬੰਧ ਵਿੱਚ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ ਸਨ, ਜਿਸ ਨੂੰ ਵਾਸ਼ਿੰਗਟਨ ਰਾਜ ਦੇ ਇੱਕ ਸੰਘੀ ਜੱਜ ਨੇ ਰੋਕ ਦਿੱਤਾ ਹੈ।

ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਦਾ ਅੰਦਾਜ਼ਾ ਹੈ ਕਿ 2023 ਵਿੱਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਤੋਂ 225,000 ਤੋਂ 250,000 ਬੱਚੇ ਪੈਦਾ ਹੋਏ, ਜੋ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਜਨਮ ਲੈਣ ਵਾਲਿਆਂ ਦਾ ਲਗਭਗ ਸੱਤ ਪ੍ਰਤੀਸ਼ਤ ਹੈ। ਗ੍ਰਾਹਮ ਨੇ ਕਿਹਾ ਕਿ ਅਮਰੀਕਾ ਵਿੱਚ ਜਨਮ ਅਧਿਕਾਰ ਨਾਗਰਿਕਤਾ ਨੀਤੀ ਵਿਚ ਬਦਲਾਅ ਕਰਨ ਵਿਚ ਬਹੁਤ ਦੇਰੀ ਹੋ ਚੁੱਕੀ ਹੈ ਅਤੇ ਇਸ ਦੀ ਕਈ ਤਰੀਕਿਆਂ ਨਾਲ ਦੁਰਵਰਤੋਂ ਕੀਤੀ ਜਾ ਰਹੀ ਹੈ।

ਗ੍ਰਾਹਮ ਨੇ ਕਿਹਾ, "ਮੈਂ ਰਾਸ਼ਟਰਪਤੀ ਟਰੰਪ ਦੇ ਜਨਮ ਅਧਿਕਾਰ ਨਾਗਰਿਕਤਾ ਬਾਰੇ ਕਾਰਜਕਾਰੀ ਆਦੇਸ਼ ਦੀ ਵੀ ਸ਼ਲਾਘਾ ਕਰਦਾ ਹਾਂ।" ਹੁਣ ਸਮਾਂ ਆ ਗਿਆ ਹੈ ਕਿ ਅਮਰੀਕਾ ਵੀ ਬਾਕੀ ਦੁਨੀਆਂ ਨਾਲ ਮਿਲ ਕੇ ਇਸ ਪ੍ਰਥਾ 'ਤੇ ਹਮੇਸ਼ਾ ਲਈ ਪਾਬੰਦੀ ਲਗਾ ਦੇਵੇ। ਦੂਜੇ ਪਾਸੇ, ਬ੍ਰਿਟ ਨੇ ਕਿਹਾ, "ਅਮਰੀਕੀ ਨਾਗਰਿਕਤਾ ਦੇ ਵਾਅਦੇ ਕਾਰਨ ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਉਤਸ਼ਾਹਿਤ ਨਹੀਂ ਮਿਲਣਾ ਚਾਹੀਦਾ, ਪਰ ਇਹ ਬਹੁਤ ਲੰਮੇ ਸਮੇਂ ਤੋਂ ਹੁੰਦਾ ਆ ਰਿਹਾ ਹੈ।

# ਗਾਜ਼ਾ 'ਚ ਕੰਡੋਮ ਵੰਡਣ ਲਈ ਬਾਈਡਨ ਸਰਕਾਰ ਨੇ ਦਿੱਤੇ ਸਨ 50 ਮਿਲੀਅਨ ਡਾਲਰ



ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ (Joe Biden) ਨੇ ਗਾਜ਼ਾ ਪੱਟੀ ਵਿੱਚ ਕੰਡੋਮ ਵੰਡ ਪ੍ਰੋਗਰਾਮ ਲਈ 50 ਮਿਲੀਅਨ ਡਾਲਰ ਦੇ ਫੰਡ ਨੂੰ ਮਨਜ਼ੂਰੀ ਦਿੱਤੀ ਸੀ। ਪਰ ਟਰੰਪ ਪ੍ਰਸ਼ਾਸਨ ਨੇ ਇਸ ਫੈਸਲੇ 'ਤੇ ਰੋਕ ਲਗਾ ਦਿੱਤੀ ਹੈ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੇ ਕਿਹਾ ਕਿ ਐਲੋਨ ਮਸਕ (Elon Musk) ਦੀ ਅਗਵਾਈ ਵਾਲੇ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੀਐਂਸ (DOGE) ਅਤੇ ਆਫਿਸ ਆਫ਼ ਮੈਨੇਜਮੈਂਟ ਐਂਡ ਬਜਟ (OMB) ਨੇ ਰਿਕਾਰਡਾਂ ਦੀ ਜਾਂਚ ਕਰਨ ਤੋਂ ਬਾਅਦ ਪਤਾ ਲਗਾਇਆ ਕਿ ਬਾਈਡਨ ਪ੍ਰਸ਼ਾਸਨ ਨੇ ਗਾਜ਼ਾ ਵਿੱਚ ਕੰਡੋਮ ਵੰਡਣ ਲਈ ਇੰਨੀ ਵੱਡੀ ਰਕਮ ਨੂੰ ਮਨਜ਼ੂਰੀ ਦਿੱਤੀ ਸੀ।

ਲੇਵਿਟ ਨੇ ਕਿਹਾ ਕਿ DOGE ਅਤੇ OMB ਨੂੰ ਪਤਾ ਲੱਗਾ ਕਿ $37 ਮਿਲੀਅਨ ਵਿਸ਼ਵ ਸਿਹਤ ਸੰਗਠਨ ਨੂੰ ਜਾ ਰਹੇ ਹਨ। OMB ਨੇ ਇਹ ਵੀ ਪਾਇਆ ਕਿ ਟੈਕਸਦਾਤਾਵਾਂ ਦੇ 50 ਮਿਲੀਅਨ ਡਾਲਰ ਗਾਜ਼ਾ ਵਿੱਚ ਕੰਡੋਮ ਵੰਡਣ ਲਈ ਜਾ ਰਹੇ ਸਨ। ਇਹ ਟੈਕਸਦਾਤਾਵਾਂ ਦੇ ਪੈਸੇ ਦੀ ਬਰਬਾਦੀ ਹੈ। ਅਜਿਹੀਆਂ ਰਿਪੋਰਟਾਂ ਹਨ ਕਿ ਹਮਾਸ ਗਾਜ਼ਾ ਵਿੱਚ ਕੰਡੋਮ ਨੂੰ ਹਥਿਆਰਾਂ ਵਜੋਂ ਵਰਤ ਰਿਹਾ ਹੈ। ਇਨ੍ਹਾਂ ਕੰਡੋਮਾਂ ਨੂੰ ਗੁਬਾਰਿਆਂ ਵਾਂਗ ਗੈਸ ਨਾਲ ਭਰ ਕੇ ਇਜ਼ਰਾਈਲ ਵੱਲ ਛੱਡਿਆ ਜਾ ਰਿਹਾ ਹੈ।

ਵ੍ਹਾਈਟ ਹਾਊਸ ਦੇ ਇਸ ਬਿਆਨ ਤੋਂ ਬਾਅਦ, ਐਲੋਨ ਮਸਕ (Elon Musk) ਨੇ ਹਮਾਸ ਦੇ ਇਸ ਕੰਮ ਦੀ ਰਿਪੋਰਟ ਸਾਂਝੀ ਕੀਤੀ ਅਤੇ ਮਜ਼ਾਕ ਉਡਾਇਆ ਕਿ ਕੋਈ ਕਿਰਪਾ ਕਰਕੇ ਮੈਨੂੰ ਸਮਝਾਵੇ ਕਿ ਸਾਰੇ ਕੰਡੋਮ ਸਿਰਫ਼ ਮੈਗਨਮ ਤੋਂ ਹੀ ਕਿਉਂ ਮੰਗਵਾਏ ਗਏ ਹਨ। ਤੁਹਾਨੂੰ ਦੱਸ ਦੇਈਏ ਕਿ ਮੈਗਨਮ ਇੱਕ ਕੰਪਨੀ ਹੈ ਜੋ ਵਾਧੂ ਵੱਡੇ ਆਕਾਰ ਦੇ ਕੰਡੋਮ ਵੇਚਦੀ ਹੈ। ਹਾਲਾਂਕਿ, ਇੱਕ ਵਿਅਕਤੀ ਜੋ ਪਿਛਲੀ ਬਾਈਡਨ ਸਰਕਾਰ ਵਿੱਚ ਇੱਕ ਅਧਿਕਾਰੀ ਸੀ, ਨੇ ਇਨ੍ਹਾਂ ਰਿਪੋਰਟਾਂ ਨੂੰ ਖਾਰਜ ਕੀਤਾ ਹੈ।

ਡੋਨਾਲਡ ਟਰੰਪ ਨੇ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਸਪੱਸ਼ਟ ਕਰ ਦਿੱਤਾ ਸੀ ਕਿ ਜੇਕਰ ਉਹ ਰਾਸ਼ਟਰਪਤੀ ਬਣਦੇ ਹਨ ਤਾਂ ਦੇਸ਼ ਵਿੱਚ ਵਿਆਪਕ ਬਦਲਾਅ ਹੋਣਗੇ। ਇਨ੍ਹਾਂ ਤਬਦੀਲੀਆਂ ਲਈ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੀਐਂਸ (DOGE) ਬਣਾਇਆ ਗਿਆ ਹੈ ਤੇ ਟਰੰਪ ਨੇ ਇਸ ਵਿਸ਼ੇਸ਼ ਟੀਮ ਵਿੱਚ ਐਲੋਨ ਮਸਕ (Elon Musk) ਅਤੇ ਵਿਵੇਕ ਰਾਮਾਸਵਾਮੀ ਨੂੰ ਸ਼ਾਮਲ ਕੀਤਾ ਹੈ, ਜਿਨ੍ਹਾਂ ਦੇ ਏਜੰਡੇ 'ਤੇ ਬਹੁਤ ਸਾਰੇ ਕੰਮ ਹਨ ਜਿਨ੍ਹਾਂ ਸਮੇਂ ਦੇ ਨਾਲ ਲਾਗੂ ਕੀਤਾ ਜਾ ਰਿਹਾ ਹੈ।

# ਕੈਨੇਡਾ ਚੋਣਾਂ 'ਚ ਵਿਦੇਸ਼ੀ ਦਖ਼ਲ ਦੇ ਸੰਕੇਤ, ਪਰ ਸਬੂਤ ਨਹੀਂ: ਜਾਂਚ ਕਮਿਸ਼ਨਰ




ਵੈਨਕੂਵਰ : ਕੈਨੇਡਾ ਦੀਆਂ 2019 ਤੇ 2021 'ਚ ਹੋਈਆਂ ਸੰਸਦੀ ਚੋਣਾਂ ਵਿੱਚ ਵਿਦੇਸ਼ੀ ਦਖ਼ਲ-ਅੰਦਾਜ਼ੀ ਦੀ ਜਾਂਚ ਕਰ ਰਹੇ ਕਮਿਸ਼ਨ ਨੇ ਆਪਣੀ ਆਖ਼ਰੀ ਜਾਂਚ ਰਿਪੋਰਟ ਜਾਰੀ ਕਰਦਿਆਂ ਕਿਹਾ ਹੈ ਕਿ ਉਸ ਨੂੰ ਸਿੱਧੇ ਵਿਦੇਸ਼ੀ ਦਖ਼ਲ ਦੇ ਸਬੂਤ ਨਹੀਂ ਮਿਲੇ, ਪਰ ਵਿਦੇਸ਼ੀ ਸਰਕਾਰਾਂ ਵਲੋਂ ਕੈਨੇਡਾ ਵਿੱਚ ਮਨ ਪਸੰਦ ਪਾਰਟੀ ਦੀ ਸਰਕਾਰ ਬਣਾਉਣ ਲਈ ਅਸਿੱਧੇ ਤੌਰ 'ਤੇ ਕੁਝ ਉਮੀਦਵਾਰਾਂ ਦੀ ਹਮਾਇਤ ਦੇ ਸ਼ੱਕ ਜ਼ਰੂਰ ਪੈਦਾ ਹਨ।

ਜਾਂਚ ਕਮਿਸ਼ਨਰ ਜਸਟਿਸ ਮੈਰੀ ਜੋਸੀ ਹੌਗ ਨੇ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੀ ਜਨਤਕ ਜਾਂਚ ਦੌਰਾਨ ਨਤੀਜਾ ਕੱਢਿਆ ਹੈ ਕਿ ਕੈਨੇਡਾ ਦਾ ਲੋਕਤੰਤਰੀ ਢਾਂਚਾ ਮਜ਼ਬੂਤ ਹੋਣ ਕਰ ਕੇ ਕਿਸੇ ਸੰਸਦ ਮੈਂਬਰ ਦੇ ਦੇਸ਼ ਧ੍ਰੋਹੀ ਹੋਣ ਦਾ ਕੋਈ ਸਬੂਤ ਨਹੀਂ ਮਿਲਦਾ। ਡੇਢ ਕੁ ਸਾਲ ਪਹਿਲਾਂ ਜਨਤਕ ਜਾਂਚ ਲਈ ਗਠਿਤ ਹੋਏ ਜਾਂਚ ਕਮਿਸ਼ਨ ਨੇ ਸੱਤ ਜਿਲਦਾਂ ਵਾਲੀ ਅੰਤਮ ਜਾਂਚ ਰਿਪੋਰਟ ਵਿੱਚ ਸਰਕਾਰ ਨੂੰ 51 ਸੁਝਾਅ ਦਿੱਤੇ ਹਨ, ਜਿਨ੍ਹਾਂ 'ਚੋਂ ਅੱਧਿਆਂ 'ਤੇ ਅਗਲੀ ਚੋਣ ਤੋਂ ਪਹਿਲਾਂ ਗੌਰ ਕਰ ਕੇ ਅੱਗੇ ਤੁਰਨ ਲਈ ਕਿਹਾ ਗਿਆ ਹੈ। ਜਾਂਚ ਦੌਰਾਨ ਚੋਣਾਂ ਵਿੱਚ ਦਿਲਚਸਪੀ ਲੈਂਦੇ 150 ਤੋਂ ਵੱਧ ਲੋਕਾਂ ਨੇ ਕਮਿਸ਼ਨ ਕੋਲ ਪੇਸ਼ ਹੋ ਕੇ ਗਵਾਹੀਆਂ ਦਿੱਤੀਆਂ ਅਤੇ ਉਨ੍ਹਾਂ ਨੂੰ ਕੀਤੇ ਸਵਾਲਾਂ ਦੇ ਜਵਾਬਾਂ ਸਮੇਤ ਸੈਂਕੜੇ ਲੋਕਾਂ ਵਲੋਂ ਭੇਜੇ ਹਲਫੀਆ ਬਿਆਨਾਂ ਵਿਚਲੇ ਸੱਚ ਨੂੰ ਨਿਤਾਰਨ ਤੋਂ ਬਾਅਦ ਕਮਿਸ਼ਨ ਇਸ ਫੈਸਲੇ 'ਤੇ ਪਹੁੰਚਿਆ ਹੈ। ਕਮਿਸ਼ਨ ਦੀ ਮਿਆਦ ਲੰਘੀ 31 ਦਸੰਬਰ ਤੱਕ ਸੀ, ਪਰ ਕਮਿਸ਼ਨ ਦੀ ਬੇਨਤੀ ਉੱਤੇ ਮਿਆਦ ਆਗਾਮੀ 31 ਜਨਵਰੀ ਵਧਾਈ ਗਈ ਸੀ।

ਕਮਿਸ਼ਨ ਨੇ ਕਿਹਾ ਕਿ ਆਲਮੀ ਪੱਧਰ 'ਤੇ ਦੂਜੇ ਦੇਸ਼ਾਂ 'ਚ ਦਖ਼ਲ-ਅੰਦਾਜ਼ੀ ਦਾ ਵਰਤਾਰਾ ਕੋਈ ਨਵਾਂ ਨਹੀਂ ਹੈ, ਆਮ ਹੈ ਤੇ ਨਾ ਹੀ ਇਸ 'ਚ ਕੁਝ ਵੀ ਹੈਰਾਨਜਨਕ ਹੈ। ਪਰ ਇਹ ਪਤਾ ਲਾਉਣਾ ਜ਼ਰੂਰੀ ਹੈ ਕਿ 'ਨਵਾਂ ਕੀ ਹੈ ਅਤੇ ਦਖ਼ਲ ਅੰਦਾਜ਼ੀ ਦੇ ਸਾਧਨਾਂ ਦਾ ਪਤਾ ਲਾ ਕੇ ਉਸਦੇ ਵਰਤਾਰੇ ਨੂੰ ਨਕੇਲ ਪਾਉਣ ਦੇ ਯਤਨਾਂ ਸਮੇਤ ਸਬੂਤਾਂ ਨੂੰ ਪ੍ਰਚਾਰੇ ਜਾਣ ਦੀ ਲੋੜ ਹੈ, ਤਾਂ ਕਿ ਲੋਕਾਂ ਨੂੰ ਅਸਲੀਅਤ ਪਤਾ ਲੱਗ ਸਕੇ। ਕੁਝ ਸੰਸਦ ਮੈਂਬਰਾਂ ਦੀ ਭੂਮਿਕਾ ਉੱਤੇ ਉੱਠੇ ਸਵਾਲਾਂ ਅਤੇ ਕੁਝ ਸੰਸਦ ਮੈਂਬਰਾਂ ਦੀ ਜਿੱਤ ਲਈ ਸੰਭਾਵੀ ਵਿਦੇਸ਼ੀ ਸਬੰਧਾਂ ਤੇ ਦਖ਼ਲ ਦੀਆਂ ਚਿੰਤਾਵਾਂ ਤੇ ਕਿਰਦਾਰ ਦੀ ਭਰੋਸੇਯੋਗਤਾ ਦੇ ਸਵਾਲ ਉੱਠਣ ਅਤੇ ਗਲਤ ਫੈਸਲੇ ਲੈਣ ਦੇ ਦੋਸ਼ਾਂ ਦੀ ਗੱਲ ਕਰਦਿਆਂ ਕਮਿਸ਼ਨ ਨੇ ਕਿਹਾ ਬੇਸ਼ੱਕ ਉਨ੍ਹਾਂ ਦੇ ਬਿਆਨ ਤੇ ਕਿਰਦਾਰ ਸਵਾਲਾਂ ਵਿੱਚ ਘਿਰਨ ਵਾਲੇ ਹੋਣ, ਪਰ ਉਸ ਨੂੰ ਕੈਨੇਡਿਆਈ ਲੋਕਤੰਤਰ ਲਈ ਖ਼ਤਰੇ ਵਜੋਂ ਨਹੀਂ ਲੈਣਾ ਚਾਹੀਦਾ ਅਤੇ ਇਸ ਨੂੰ ਉਸ ਸੰਸਦ ਮੈਂਬਰ ਵਲੋਂ ਕੈਨੇਡਾ ਦੇ ਵਿਰੁੱਧ ਰਚੀ ਵਿਦੇਸ਼ੀ ਸਾਜ਼ਿਸ਼ ਨਾਲ ਜੋੜ ਕੇ ਨਹੀਂ ਵੇਖਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਕਿਸੇ ਸੰਸਦ ਮੈਂਬਰ ਖ਼ਿਲਾਫ਼ ਅਜਿਹੇ ਠੋਸ ਸਬੂਤ ਸਾਹਮਣੇ ਨਹੀਂ ਆਏ। ਰਿਪੋਰਟ ਵਿੱਚ ਭਾਰਤੀ ਕੂਟਨੀਤਿਕਾਂ ਦੀ ਭੂਮਿਕਾ 'ਤੇ ਉੱਠਦੇ ਸਵਾਲਾਂ ਦਾ ਜ਼ਿਕਰ ਕਰਦਿਆਂ ਕਮਿਸ਼ਨ ਨੇ ਕਿਹਾ ਕਿ ਚੌਕਸੀ ਵਿਭਾਗ ਦੀਆਂ ਰਿਪੋਰਟਾਂ ਨੂੰ ਠੋਸ ਸਬੂਤ ਮੰਨਣ ਦੀ ਥਾਂ ਚੌਕਸੀ ਵਜੋਂ ਲੈਣਾ ਚਾਹੀਦਾ ਹੈ ਅਤੇ ਉਸ ਦੀ ਰਿਪੋਰਟ ਦੇ ਅਧਾਰ 'ਤੇ ਦੇਸ਼ਾਂ ਨਾਲ ਕੂਟਨੀਤਿਕ ਸਬੰਧ ਵਿਗਾੜਨੇ ਗਲਤੀ ਹੈ। ਰਿਪੋਰਟ ਵਿੱਚ ਹੋਰਾਂ ਨੂੰ 'ਦੇਸ਼' ਵਜੋਂ ਲੈ ਕੇ ਗਲ ਕੀਤੀ ਗਈ ਪਰ ਚੀਨ, ਰੂਸ ਤੇ ਭਾਰਤ ਦਾ ਨਾਂ ਲੈ ਕੇ ਕੁਝ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ।

# ਓਨਟਾਰੀਓ 'ਚ 27 ਫਰਵਰੀ ਨੂੰ ਮੱਧਾਕਲੀ ਚੋਣਾਂ ਦਾ ਐਲਾਨ

ਵੈਨਕੂਵਰ : ਕੈਨੇਡਾ ਦੇ ਸਭ ਤੋਂ ਵੱਡੇ ਸੂਬੇ ਓਂਟਾਰੀਓ ਦੀ ਵਿਧਾਨ ਸਭਾ ਭੰਗ ਹੋਣ ਤੋਂ ਬਾਅਦ 27 ਫਰਵਰੀ ਨੂੰ ਮੱਧਕਾਲੀ ਚੋਣਾਂ ਦਾ ਐਲਾਨ ਹੋ ਗਿਆ ਹੈ। ਸੂਬੇ ਦੀ 43ਵੀਂ ਵਿਧਾਨ ਸਭਾ ਮਾਰਚ ਦੇ ਪਹਿਲੇ ਹਫਤੇ ਗਠਿਤ ਹੋਣੀ ਹੈ। ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਭੰਗ ਹੋਈ ਵਿਧਾਨ ਸਭਾ ਦੀ ਚੋਣ 7 ਜੂਨ 2022 ਨੂੰ ਹੋਈ ਸੀ, ਜਿਸ ਵਿੱਚ 124 ਮੈਂਬਰੀ ਹਾਊਸ ਲਈ ਡੱਗ ਫੋਰਡ ਦੀ ਅਗਵਾਈ ਵਾਲੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ 83 ਸੀਟਾਂ ਜਿੱਤੀਆਂ ਤੇ 31 ਸੀਟਾਂ 'ਤੇ ਐਨਡੀਪੀ ਕਾਬਜ ਹੋਈ। ਇਸ ਤੋਂ ਇਲਾਵਾ ਲਿਬਰਲ ਪਾਰਟੀ ਨੇ 8 ਤੇ ਗਰੀਨ ਪਾਰਟੀ ਤੇ ਅਜਾਦ ਨੇ ਇੱਕ ਇੱਕ ਸੀਟ ਜਿੱਤੀਆਂ ਸਨ।

ਗੌਰਤਲਬ ਹੈ ਕਿ ਓਂਟਾਰੀਓ 'ਚ 1981 ਤੋਂ ਬਾਅਦ ਸਰਦੀਆਂ 'ਚ ਹੋਣ ਵਾਲੀ ਇਹ ਪਹਿਲੀ ਚੋਣ ਹੈ। ਮੁੱਖ ਮੰਤਰੀ ਡੱਗ ਫੋਰ੍ਹਡ ਵਲੋਂ ਇਸ ਚੋਣ ਦੇ ਨਤੀਜਿਆਂ ਨੂੰ ਅਮਰੀਕਾ ਦੇ ਰਾਸ਼ਟਰਪਤੀ ਦੇ ਟੈਰਿਫ ਵਾਧੇ ਵਾਲੀ ਚੁਣੌਤੀ ਦਾ ਸਾਹਮਣਾ ਕਰਨ ਲਈ ਸ਼ਕਤੀਸ਼ਾਲੀ ਸਰਕਾਰ ਦੇ ਗਠਿਨ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਡੱਗ ਫੋਰਡ ਨੇ 2018 ਦੀਆਂ ਚੋਣਾਂ ਵਿੱਚ ਜਿੱਤ ਹਾਸਲ ਕਰਕੇ 15 ਸਾਲਾਂ ਚੋਂ ਕਾਬਜ ਲਿਬਰਲ ਪਾਰਟੀ ਨੂੰ ਵਿਰੋਧੀ ਧਿਰ ਵਿਚ ਬੈਠਣ ਲਈ ਮਜਬੂਰ ਕਰ ਦਿੱਤਾ।

ਉਧਰ ਵਿਰੋਧੀ ਪਾਰਟੀਆਂ ਦੇ ਆਗੂਆਂ ਵਲੋਂ ਮੱਧਕਾਲੀ ਚੋਣ ਨੂੰ ਸੂਬੇ ਦੇ ਲੋਕਾਂ ਸਿਰ 17 ਕਰੋੜ ਦਾ ਬੇਲੋੜਾ ਬੋਝ ਪਾਉਣ ਅਤੇ ਸੂਬੇ ਦੇ ਵਾਤਾਵਰਣ ਦੀ ਖਰਾਬੀ ਨਾਲ ਜੁੜੇ ਗਰੀਨ ਬੈਲਟ ਘੁਟਾਲੇ ਵਜੋਂ ਜਾਣੇ ਜਾਂਦੇ 7400 ਏਕੜ ਭੂਮੀ ਘੁਟਾਲੇ ਮੁੱਦਾ ਚੁੱਕਿਆ ਜਾ ਰਿਹਾ ਹੈ।

ਚੋਣਾਂ ਦੇ ਜਨਤਕ ਐਲਾਨ ਤੋਂ ਪਹਿਲਾਂ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਆਗੂ ਤੇ ਮੁੱਖ ਮੰਤਰੀ ਡੱਗ ਫੋਰਡ ਸੂਬੇ ਦੀ ਲੈਫਟੀਨੈਂਟ ਗਵਰਨਰ ਮੈਡਮ ਐਡਿਥ ਡੂਮੋਂਟ ਨੂੰ ਮਿਲਣ ਗਏ ਤੇ ਵਿਧਾਨ ਸਭਾ ਭੰਗ ਕਰਕੇ ਮੱਧਕਾਲੀ ਚੋਣਾਂ ਕਰਾਉਣ ਦਾ ਬੇਨਤੀ ਪੱਤਰ ਦਿੱਤਾ। ਡੋਮੋਂਟ ਨੇ ਬੇਨਤੀ ਤੁਰੰਤ ਪ੍ਰਵਾਨ ਕਰਕੇ 27 ਫਰਵਰੀ ਨੂੰ ਚੋਣਾਂ ਦੀ ਤਜਵੀਜ ਪ੍ਰਵਾਨ ਕਰ ਲਈ।

ਪੱਤਰਕਾਰ ਸੰਮੇਲਨ ਵਿੱਚ ਡੱਗ ਫੋਰਡ ਨੇ ਕਿਹਾ ਕਿ ਇਹ ਚੋਣ ਨਹੀਂ, ਸਗੋਂ ਚਾਰ ਸਾਲਾਂ ਲਈ ਸੂਬੇ ਦੀ ਆਰਥਿਕਤਾ ਦੀ ਮਜਬੂਤੀ ਦੀ ਲੜਾਈ ਹੈ, ਜਿਸ ਵਿੱਚ ਉਹ ਇਹ ਯਕੀਨੀ ਬਣਾਉਣਾਗੇ ਕਿ ਸੂਬੇ ਦੀ ਆਰਥਿਕਤਾ ਉੱਤੇ ਬਾਹਰਲਿਆਂ ਦੇ ਹਮਲੇ ਨੂੰ ਪੂਰੀ ਤਾਕਤ ਨਾਲ ਪਛਾੜਿਆ ਜਾਵੇ। ਉਨ੍ਹਾ ਕਿਹਾ ਕਿ ਉਹ ਸੂਬੇ ਦੀ ਆਰਥਿਕਤਾ ਨੂੰ ਏਨਾ ਮਜਬੂਤ ਬਣਾਉਣਾ ਚਾਹੁੰਦੇ ਹਨ ਕਿ ਇਥੋਂ ਦਾ ਸਾਰਾ ਉਤਪਦਨ ਇੱਥੋਂ ਦੀ ਮੰਗ ਬਣ ਜਾਵੇ ਅਤੇ ਅਮਰੀਕਾ ਦਾ ਟੈਰਿਫ ਮਾਮਲਾ ਠੁੱਸ ਹੋਕੇ ਰਹਿ ਜਾਵੇ।









ਪੰਜਾਬ ਸਟਾਰ
www.punjabstar.com

# ਸਿੱਖਾਂ ਵੱਲੋਂ ਗੁਰਦੁਆਰਿਆਂ 'ਚ ਛਾਪਿਆਂ ਤੋਂ ਇਨਕਾਰ

## ਗ਼ੈਰਕਾਨੂੰਨੀ ਪਰਵਾਸੀਆਂ 'ਤੇ ਸ਼ਿਕੰਜਾ

* ਭਾਰਤੀ ਮੀਡੀਆ ਦੇ ਇੱਕ ਹਿੱਸੇ ਵਿੱਚ ਛਪੀਆਂ ਰਿਪੋਰਟਾਂ ਨੂੰ ਖਾਰਜ ਕੀਤਾ

* ਅਮਰੀਕੀ ਨਿਆਂ ਵਿਭਾਗ ਤੇ ਵ੍ਹਾਈਟ ਹਾਊਸ ਨਾਲ ਸਿੱਖ ਭਾਈਚਾਰੇ ਦੇ ਨਿੱਘੇ ਰਿਸ਼ਤੇ ਹੋਣ ਦਾ ਦਾਅਵਾ




ਨਿਊਯਾਰਕ : ਸਿੱਖ ਆਗੂਆਂ ਨੇ ਅਮਰੀਕਾ ਵਿੱਚ ਗੈਰਕਾਨੂੰਨੀ ਪਰਵਾਸੀਆਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਇਮੀਗ੍ਰੇਸ਼ਨ ਵਿਭਾਗ ਵੱਲੋਂ ਕੁਝ ਗੁਰਦੁਆਰਿਆਂ ਵਿੱਚ ਛਾਪਿਆਂ ਬਾਰੇ ਭਾਰਤੀ ਮੀਡੀਆ 'ਚ ਛਪੀਆਂ ਖ਼ਬਰਾਂ ਨੂੰ ਸਿਰੇ ਤੋਂ ਖਾਰਜ ਕੀਤਾ ਹੈ। ਭਾਈਚਾਰੇ ਨੇ ਕਿਹਾ ਕਿ ਅਜਿਹੀ ਕਿਸੇ ਮੁਹਿੰਮ ਤਹਿਤ ਗੁਰਦੁਆਰਿਆਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ। ਨਿਊ ਯਾਰਕ ਦੇ ਰਿਚਮੰਡ ਹਿੱਲ ਗੁਰਦੁਆਰੇ ਦੇ ਸੁਖਜਿੰਦਰ ਸਿੰਘ ਨਿੱਝਰ ਨੇ ਕਿਹਾ ਕਿ ਐਤਵਾਰ ਨੂੰ ਆਮ ਵਾਂਗ ਗੁਰਦੁਆਰੇ 'ਚ ਪਾਠ ਤੇ ਕੀਰਤਨ ਕੀਤਾ ਗਿਆ ਤੇ ਇਸ ਦੌਰਾਨ ਕਿਸੇ ਨੇ ਕੋਈ ਦਖ਼ਲ ਨਹੀਂ ਦਿੱਤਾ। ਸਿੱਖ ਕਲਚਰਲ ਸੁਸਾਇਟੀ ਨਾਲ ਜੁੜੇ ਤੇ ਸਾਹਿਲੀ ਉੱਤਰ-ਪੂਰਬ ਦੀ ਨੁਮਾਇੰਦਗੀ ਕਰਦੇ ਸ੍ਰੀ ਨਿੱਝਰ ਨੇ ਕਿਹਾ ਕਿ ਪੁਲੀਸ ਜਾਂ ਕਿਸੇ ਹੋਰ ਏਜੰਸੀ ਨੇ ਨਿਊ ਯਾਰਕ ਤੇ ਨਿਊ ਜਰਸੀ ਦੇ ਕਿਸੇ ਗੁਰਦੁਆਰੇ ਵਿੱਚ ਛਾਪੇ ਨਹੀਂ ਮਾਰੇ। ਸ੍ਰੀ ਨਿੱਝਰ, ਜੋ ਗੁਰਦੁਆਰੇ ਦੀ ਪਬਲਿਕ ਤੇ ਮੀਡੀਆ ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਭਾਰਤੀ ਮੀਡੀਆ ਵਿੱਚ ਛਪੀਆਂ ਖ਼ਬਰਾਂ ਗ਼ਲਤ ਰਿਪੋਰਟਿੰਗ ਜਾਂ ਫਿਰ ਕਿਸੇ ਗਲਤਫ਼ਹਿਮੀ ਦਾ ਨਤੀਜਾ ਹਨ।

ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਇਮੀਗ੍ਰੇਸ਼ਨ ਜਾਂ ਹੋਰ ਏਜੰਸੀਆਂ ਵੱਲੋਂ ਗੁਰਦੁਆਰਿਆਂ 'ਤੇ ਛਾਪੇ ਮਾਰਨ ਜਾਂ ਗਸ਼ਤ ਕਰਨ ਦੀਆਂ ਰਿਪੋਰਟਾਂ ਨੂੰ ਰੱਦ ਕੀਤਾ। ਉਨ੍ਹਾਂ ਕਿਹਾ ਕਿ ਨਿਊ ਯਾਰਕ ਤੇ ਨਿਊ ਜਰਸੀ ਵਿੱਚ ਸਿੱਖਾਂ ਦੇ ਨਿਆਂ ਵਿਭਾਗ ਤੇ ਵ੍ਹਾਈਟ ਹਾਊਸ ਸਣੇ ਸਰਕਾਰ ਦੇ ਪ੍ਰਤੀਨਿਧਾਂ ਨਾਲ ਨਿੱਘੇ ਸਬੰਧ ਹਨ। ਗੁਰਦੁਆਰਿਆਂ ਦੇ ਸਰਕਾਰੀ ਏਜੰਸੀਆਂ ਨਾਲ ਚੰਗੇ ਰਿਸ਼ਤੇ ਹਨ ਅਤੇ ਭਾਈਚਾਰੇ ਨਾਲ ਜੁੜੇ ਮਸਲਿਆਂ ਬਾਰੇ ਚਰਚਾ ਲਈ ਉਹ ਗੁਰਦੁਆਰੇ ਦੇ ਸੱਦੇ 'ਤੇ ਨਿਯਮਤ ਬੈਠਕਾਂ ਵੀ ਕਰਦੇ ਹਨ। ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਹਫ਼ਤੇ ਉਹ ਨੀਤੀ ਰੱਦ ਕਰ ਦਿੱਤੀ ਸੀ, ਜਿਸ ਤਹਿਤ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਗਿਰਜਾਘਰਾਂ ਜਾਂ ਸਕੂਲਾਂ ਵਿੱਚ ਦਾਖ਼ਲ ਹੋ ਕੇ ਗ੍ਰਿਫ਼ਤਾਰੀ ਕਰਨ ਦੀ ਮਨਾਹੀ ਸੀ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਕਿਹਾ, ''ਅਪਰਾਧੀ ਹੁਣ ਗ੍ਰਿਫ਼ਤਾਰੀ ਤੋਂ ਬਚਣ ਲਈ ਅਮਰੀਕੀ ਸਕੂਲਾਂ ਤੇ ਗਿਰਜਾਘਰਾਂ ਵਿੱਚ ਨਹੀਂ ਲੁਕ ਸਕਣਗੇ।'

## ਦੁਬਈ ਤੋਂ ਪਰਤਿਆ ਸੀ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਕਰਨ ਵਾਲਾ



ਧਰਮਕੋਟ : ਗਣਤੰਤਰ ਦਿਵਸ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਚੌਗਿਰਦੇ ਨੇੜੇ ਬਣੀ ਹੈਰੀਟੇਜ ਸਟਰੀਟ ਵਿੱਚ ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਕਰਨ ਵਾਲੇ ਨੌਜਵਾਨ ਆਕਾਸ਼ ਦੇ ਧਰਮਕੋਟ ਨਾਲ ਪਿਛੋਕੜ ਦੇ ਖੁਲਾਸੇ ਤੋਂ ਬਾਅਦ ਸਥਾਨਕ ਪੁਲੀਸ ਪ੍ਰਸ਼ਾਸਨ ਉਸ ਦਾ ਪੁਲੀਸ ਰਿਕਾਰਡ ਘੋਖਣ ਲੱਗ ਪਿਆ ਹੈ। ਸਥਾਨਕ ਥਾਣੇ ਦੇ ਮੁਖੀ ਜਤਿੰਦਰ ਸਿੰਘ ਨੇ ਅੱਜ ਮੁਲਜ਼ਮ ਆਕਾਸ਼ ਦੇ ਘਰ ਜਾ ਕੇ ਪਰਿਵਾਰ ਤੋਂ ਪੁੱਛ-ਪੜਤਾਲ ਕੀਤੀ। ਪੁਲੀਸ ਦੇ ਖ਼ੁਫ਼ੀਆ ਵਿੰਗ ਨੇ ਵੀ ਸਾਰੇ ਵੇਰਵੇ ਪ੍ਰਾਪਤ ਕਰਕੇ ਸਰਕਾਰ ਨੂੰ ਭੇਜ ਦਿੱਤੇ ਹਨ। ਜਾਣਕਾਰੀ ਮੁਤਾਬਕ ਇਹ ਨੌਜਵਾਨ ਇੱਥੋਂ ਦੀ ਚੁੱਘਾ ਬਸਤੀ ਦਾ ਰਹਿਣ ਵਾਲਾ ਹੈ ਅਤੇ ਇਹ ਚਾਰ ਭੈਣ-ਭਰਾ ਹਨ। ਉਕਤ ਨੌਜਵਾਨ ਆਕਾਸ਼ ਦੇ ਨਾਨਕੇ ਬੁੱਘੀਪੁਰਾ ਮੋਗਾ ਵਿੱਚ ਹਨ। ਇਸ ਲਈ ਉਹ ਜ਼ਿਆਦਾਤਰ ਆਪਣੀ ਨਾਨੀ ਪਾਸ ਹੀ ਰਹਿੰਦਾ ਰਿਹਾ ਹੈ। ਇਹ ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਰੋਜ਼ੀ-ਰੋਟੀ ਲਈ ਦੁਬਈ ਚਲਾ ਗਿਆ ਸੀ। ਕੁਝ ਸਮਾਂ ਪਹਿਲਾਂ ਹੀ ਦੁਬਈ ਤੋਂ ਪਰਤ ਕੇ ਅੰਮ੍ਰਿਤਸਰ ਵਿੱਚ ਕਿਰਾਏ ਦੇ ਮਕਾਨ 'ਚ ਰਹਿ ਰਿਹਾ ਸੀ। ਉਹ ਦੁਬਈ ਜਾਣ ਤੋਂ ਪਹਿਲਾਂ ਕਲੀਨ ਸ਼ੇਵ ਸੀ। ਉਹ ਚਾਰ ਮਹੀਨੇ ਪਹਿਲਾਂ ਹੀ ਸਿੱਖੀ ਬਾਣੇ ਵਿਚ ਪਰਤਿਆ ਸੀ। ਉਸ ਦੇ ਪਿਤਾ ਮਜ਼ਦੂਰੀ ਕਰਦੇ ਹਨ ਅਤੇ ਮਾਤਾ ਲੋਕਾਂ ਦੇ ਘਰਾਂ ਵਿੱਚ ਕੰਮ ਕਰਦੀ ਹੈ। ਭੈਣ ਦਾ ਵਿਆਹ ਤੋਂ ਬਾਅਦ ਤਲਾਕ ਹੋ ਗਿਆ ਸੀ ਅਤੇ ਅੱਜ ਕੱਲ੍ਹ ਉਹ ਦੁਬਈ ਰਹਿ ਰਹੀ ਹੈ। ਪਰਿਵਾਰ ਗਰੀਬ ਅਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। ਪਰਿਵਾਰ ਨੂੰ ਬੀਤੇ ਦੀ ਘਟਨਾ ਦਾ ਸੋਸ਼ਲ ਮੀਡੀਆ ਤੇ ਖ਼ਬਰਾਂ ਤੋਂ ਬਾਅਦ ਲੱਗਾ ਹੈ। ਉਸਦੀ ਮਾਤਾ ਮੁਤਾਬਕ ਚਾਰ ਸਾਲ ਪਹਿਲਾਂ ਦੁਬਈ ਜਾਣ ਤੋਂ ਬਾਅਦ ਆਕਾਸ਼ ਉਨ੍ਹਾਂ ਨੂੰ ਕਦੇ ਵੀ ਨਹੀਂ ਮਿਲਿਆ। ਉਸ ਦੇ ਅਜਿਹਾ ਕਰਨ ਦੇ ਮਕਸਦ ਤੋਂ ਵੀ ਪਰਿਵਾਰ ਪੂਰੀ ਤਰ੍ਹਾਂ ਅਣਜਾਣ ਹੈ।

## ਰਿਪੁਦਮਨ ਸਿੰਘ ਮਲਿਕ ਦੇ ਕਾਤਲ ਨੂੰ ਉਮਰ ਕੈਦ ਦੀ ਸਜ਼ਾ



ਓਟਵਾ: ਕੈਨੇਡਾ ਦੀ ਅਦਾਲਤ ਨੇ ਸਿੱਖ ਕਾਰੋਬਾਰੀ ਰਿਪੁਦਮਨ ਸਿੰਘ ਮਲਿਕ, ਜੋ 1985 ਦੇ ਏਅਰ ਇੰਡੀਆ ਬੰਬ ਧਮਾਕੇ 'ਚ ਮਸ਼ਕੂਕ ਸੀ ਤੇ ਬਾਅਦ ਵਿੱਚ ਉਸ ਨੂੰ ਬਰੀ ਕਰ ਦਿੱਤਾ ਗਿਆ ਸੀ, ਦੀ ਹੱਤਿਆ ਦਾ ਦੋਸ਼ ਸਵੀਕਾਰ ਕਰਨ 'ਤੇ 24 ਸਾਲਾ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ 'ਚ ਦੂਜੇ ਦੋਸ਼ੀ ਜੋਸ ਲੋਪੇਜ਼ ਨੂੰ 30 ਜਨਵਰੀ ਨੂੰ ਸਜ਼ਾ ਸੁਣਾਈ ਜਾਵੇਗੀ

ਮੀਡੀਆ ਰਿਪੋਰਟਾਂ ਅਨੁਸਾਰ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਜੱਜ ਨੇ ਅੱਜ ਟੈਨਰ ਫੌਕਸ ਨੂੰ ਮਲਿਕ ਦੀ ਹੱਤਿਆ ਦੇ ਦੋਸ਼ ਹੇਠ 20 ਸਾਲ (ਬਿਨਾਂ ਪੈਰੋਲ) ਕੈਦ ਦੀ ਸਜ਼ਾ ਸੁਣਾਈ ਹੈ। ਮਲਿਕ ਦਾ 15 ਜੁਲਾਈ 2022 'ਚ ਸਰੀ ਵਿੱਚ ਉਸ ਸਮੇਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਜਦੋਂ ਉਹ ਆਪਣੀ ਕਾਰ ਅੰਦਰ ਬੈਠਾ ਹੋਇਆ ਸੀ। ਮਲਿਕ ਤੇ ਸਹਿ-ਮੁਲਜ਼ਮ ਅਜਾਇਬ ਸਿੰਘ ਬਾਗੜੀ ਨੂੰ 2005 'ਚ ਏਅਰ ਇੰਡੀਆ ਬੰਬ ਧਮਾਕੇ ਨਾਲ ਸਬੰਧਤ ਸਮੂਹਿਕ ਹੱਤਿਆ ਤੇ ਸਾਜ਼ਿਸ਼ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਸੀ। ਮਲਿਕ ਦੀ ਹੱਤਿਆ ਤੋਂ ਦੋ ਹਫ਼ਤੇ ਬਾਅਦ ਕੈਨੇਡਾ ਦੀ ਪੁਲੀਸ ਨੇ ਨਿਊ ਵੈਸਟਮਿੰਸਟਰ ਦੇ ਵੈਨਕੂਵਰ ਤੋਂ ਟੈਨਰ ਫੌਕਸ ਤੇ ਉਸ ਦੇ ਸਾਥੀ ਜੋਸ ਲੋਪੇਜ਼ ਨੂੰ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਨੂੰ ਪਿਛਲੇ ਸਾਲ ਅਕਤੂਬਰ 'ਚ ਮਲਿਕ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਸੀ। ਲੋਪੇਜ਼ ਨੂੰ 30 ਜਨਵਰੀ ਨੂੰ ਸਜ਼ਾ ਸੁਣਾਈ ਜਾਵੇਗੀ। ਵਕੀਲਾਂ ਦਾ ਹਵਾਲਾ ਦਿੰਦਿਆਂ ਮੀਡੀਆ ਰਿਪੋਰਟਾਂ 'ਚ ਕਿਹਾ ਗਿਆ ਹੈ ਕਿ ਦੋਵਾਂ ਨੂੰ ਮਲਿਕ ਦੇ ਕਤਲ ਲਈ ਪੈਸੇ ਦਿੱਤੇ ਗਏ ਸਨ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਉਨ੍ਹਾਂ ਨੂੰ ਇਹ ਕੰਮ ਕਰਨ ਲਈ ਕਿਸ ਨੇ ਕਿਹਾ ਸੀ। ਮਲਿਕ ਦੇ ਪਰਿਵਾਰ ਨੇ ਫੌਕਸ ਨੂੰ ਇਹ ਦੱਸਣ ਲਈ ਕਿਹਾ ਕਿ ਉਸ ਨੂੰ ਇਹ ਕੰਮ ਕਿਸ ਨੇ ਸੌਂਪਿਆ ਸੀ। ਮਲਿਕ ਦੇ ਪੁੱਤਰ ਜਸਪ੍ਰੀਤ ਸਿੰਘ ਮਲਿਕ ਨੇ ਕਿਹਾ, 'ਮੈਂ ਫੌਕਸ ਤੇ ਲੋਪੇਜ਼ ਦੋਵਾਂ ਨੂੰ ਸਹੀ ਕੰਮ ਕਰਨ ਲਈ ਕਹਿ ਰਿਹਾ ਹਾਂ।'

## ਕੈਨੇਡੀਅਨ ਸਿਆਸਤਦਾਨਾਂ ਬਾਰੇ ਕੀਤਾ ਜਾ ਰਿਹੈ ਕੂੜ ਪ੍ਰਚਾਰ

* ਸੋਸ਼ਲ ਮੀਡੀਆ ਰਾਹੀਂ ਮਨਘੜ੍ਹਤ ਖਬਰਾਂ ਹੋ ਰਹੀਆਂ ਜਾਰੀ

* ਪ੍ਰਮੁੱਖ ਮੀਡੀਆ ਅਦਾਰਿਆਂ ਦਾ ਵਰਤਿਆ ਜਾ ਰਿਹਾ ਨਾਂ




ਟੋਰਾਂਟੋ: ਕੈਨੇਡੀਅਨ ਸਿਆਸਤਦਾਨਾਂ ਬਾਰੇ ਸੋਸ਼ਲ ਮੀਡੀਆ ਰਾਹੀਂ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਇਹ ਰੂਸ ਦੀ ਕਰਤੂਤ ਹੋ ਸਕਦੀ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਸੀ.ਬੀ.ਸੀ. ਵਰਗੇ ਪ੍ਰਮੁੱਖ ਮੀਡੀਆ ਅਦਾਰਿਆਂ ਦਾ ਨਾਂ ਵਰਤ ਕੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੋਇਲੀਐਵ ਅਤੇ ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਬਾਰੇ ਝੂਠੀਆਂ ਖਬਰਾਂ ਫੈਲਾਈਆਂ ਜਾ ਰਹੀਆਂ ਹਨ। ਟੈਕਨਾਲੋਜੀ ਮਾਹਰ ਕਾਰਮੀ ਲੈਵੀ ਨੇ ਦੱਸਿਆ ਕਿ ਕੈਨੇਡਾ ਵਿਚ ਜਲਦ ਹੀ ਉਨਟਾਰੀਓ ਵਿਧਾਨ ਸਭਾ ਚੋਣਾਂ ਅਤੇ ਫੈਡਰਲ ਪੱਧਰ 'ਤੇ ਵੀ ਚੋਣਾਂ ਹੋ ਹੋ ਸਕਦੀਆਂ ਹਨ ਜਿਸ ਦੇ ਮੱਦੇਨਜ਼ਰ ਅਜਿਹਾ ਕੂੜ ਪ੍ਰਚਾਰ ਹੋਰ ਸਕਦਾ ਹੈ।

ਇਸ ਤੋਂ ਇਲਾਵਾ ਫੈਕਟ ਚੈਕਿੰਗ ਤੋਂ ਬਗੈਰ ਕੰਟੈਂਟ ਚੱਲਣਾ ਵੀ ਇਸ ਕੂੜ ਪ੍ਰਚਾਰ ਦਾ ਵੱਡਾ ਕਾਰਨ ਹੈ ਕਿਉਂਕਿ ਕਈ ਸੋਸ਼ਲ ਮੀਡੀਆ ਪਲੈਟਫਾਰਮ ਜ਼ਿਆਦਾ ਤਵੱਜੋ ਨਹੀਂ ਦਿੰਦੇ। ਲੈਵੀ ਦਾ ਕਹਿਣਾ ਸੀ ਕਿ ਈਲੌਨ ਮਸਕ ਨੇ ਵੱਡੀ ਗਿਣਤੀ ਵਿਚ ਕੰਟੈਂਟ ਮੌਡਰੇਟਰ ਕੱਢ ਦਿਤੇ ਅਤੇ ਫੈਕਟ ਚੈਕ ਕਰਨ ਵਾਲੀਆਂ ਜਥੇਬੰਦੀਆਂ ਨਾਲ ਵੀ ਐਕਸ ਦਾ ਜ਼ਿਆਦਾ ਸੰਪਰਕ ਨਹੀਂ। ਅਜਿਹੇ ਵਿਚ ਗਲਤ ਜਾਣਕਾਰੀ ਸਾਹਮਣੇ ਆ ਰਹੀ ਹੈ।

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਆਪਣੇ ਵਿਦਾਇਗੀ ਭਾਸ਼ਣ ਵਿਚ ਇਸ ਗੱਲ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਸੀ ਕਿ ਅਮਰੀਕਾ ਦੇ ਲੋਕ ਗੁੰਮਰਾਹਕੁਨ ਜਾਣਕਾਰੀ ਦੇ ਪਹਾੜ ਹੇਠ ਦਬਦੇ ਜਾ ਰਹੇ ਹਨ। ਸੱਚ ਦੇ ਦੁਆਲੇ ਝੂਠ ਦਾ ਘੇਰਾ ਪੈ ਚੁੱਕਾ ਹੈ ਅਤੇ ਸਿਰਫ਼ ਸੱਤਾ ਤੇ ਮੁਨਾਫ਼ੇ ਦੀ ਖੇਡ ਖੇਡੀ ਜਾ ਰਹੀ ਹੈ। ਲੈਵੀ ਨੇ ਦੱਸਿਆ ਕਿ ਰਵਾਇਤੀ ਮੀਡੀਆ ਨੇਮਬੱਦ ਹੁੰਦਾ ਹੈ ਜਦਕਿ ਸੋਸ਼ਲ ਮੀਡੀਆ ਪਲੈਟਫਾਰਮ ਵਾਸਤੇ ਗਾਈਡਲਾਈਨਜ਼ ਤਾਂ ਹੁੰਦੀਆਂ ਹਨ ਪਰ ਇਨ੍ਹਾਂ ਦੀ ਵੱਡੇ ਪੱਧਰ 'ਤੇ ਉਲੰਘਣਾ ਵੀ ਹੁੰਦੀ ਹੈ।

## ਪੰਜਾਬ ਦੇ ਦੋ ਨੌਜਵਾਨਾਂ ਦੀ ਕੈਨੇਡਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ



ਸੁਨਾਮ ਊਧਮ ਸਿੰਘ ਵਾਲਾ : ਪੰਜਾਬ ਦੇ ਦੋ ਨੌਜਵਾਨਾਂ ਦੀ ਕੈਨੇਡਾ 'ਚ ਵੱਖ-ਵੱਖ ਥਾਵਾਂ 'ਤੇ ਦਿਲ ਦੌਰੇ ਕਾਰਨ ਮੌਤ ਹੋਣ ਗਈ। ਦੋਵੇਂ ਨੌਜਵਾਨ ਕ੍ਰਮਵਾਰ ਸੁਨਾਮ ਦੇ ਪਿੰਡ ਚੱਠਾ ਸੇਖਵਾਂ ਤੇ ਮਖੂ ਨੇੜਲੇ ਮੋਹਕਮ ਅਰਾਈਆਂ ਵਾਲਾ ਨਾਲ ਸਬੰਧਤ ਸਨ। ਮੌਤ ਦੀ ਖ਼ਬਰ ਨਾਲ ਦੋਵਾਂ ਨੌਜਵਾਨਾਂ ਦੇ ਪਿੰਡਾਂ ਵਿੱਚ ਸੋਗ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਸੁਨਾਮ ਨੇੜਲੇ ਪਿੰਡ ਚੱਠਾ ਸੇਖਵਾਂ ਦੇ ਨੌਜਵਾਨ ਪਵਨਦੀਪ ਸਿੰਘ ਦੀ ਕੈਨੇਡਾ ਦੇ ਸ਼ਹਿਰ ਸਰੀ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਆਰਥਿਕ ਤੰਗੀ ਨਾਲ ਜੂਝ ਰਹੇ ਸਧਾਰਨ ਪਰਿਵਾਰ ਦਾ ਨੌਜਵਾਨ ਪਵਨਦੀਪ ਸਿੰਘ ਪੁੱਤਰ ਹਮੀਰ ਸਿੰਘ ਡੇਢ ਸਾਲ ਪਹਿਲਾਂ ਸਾਕ- ਸਬੰਧੀਆਂ ਦੀ ਮਦਦ ਨਾਲ ਰੋਜ਼ੀ-ਰੋਟੀ ਕਮਾਉਣ ਲਈ ਕੈਨੇਡਾ ਗਿਆ ਸੀ। ਪਵਨਦੀਪ ਸਿੰਘ ਕੈਨੇਡਾ ਦੇ ਸਰੀ ਸ਼ਹਿਰ 'ਚ ਰਹਿ ਰਿਹਾ ਸੀ, ਜਿੱਥੇ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਨੌਜਵਾਨ ਦੇ ਪਿੱਛੇ ਪਰਿਵਾਰ 'ਚ ਵਿਧਵਾ ਮਾਂ ਬਲਵਿੰਦਰ ਕੌਰ ਤੇ ਭਰਾ ਮੱਖਣ ਸਿੰਘ ਹਨ। ਦੂਜੇ ਮਾਮਲੇ 'ਚ ਬਲਾਕ ਮੱਖੂ ਦੇ ਪਿੰਡ ਮੋਹਕਮ ਅਰਾਈਆਂ ਵਾਲੇ ਦੇ ਨੌਜਵਾਨ ਜਸਬੀਰ ਸਿੰਘ ਦੀ ਕੈਨੇਡਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜਸਬੀਰ ਸਿੰਘ (30) ਪੁੱਤਰ ਲਖਵਿੰਦਰ ਸਿੰਘ ਰੋਜ਼ੀ-ਰੋਟੀ ਦੀ ਭਾਲ 'ਚ ਲਗਪਗ ਨੌਂ ਮਹੀਨੇ ਪਹਿਲਾਂ ਕੈਨੇਡਾ ਗਿਆ ਸੀ, ਜਿਥੇ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋ ਗਈ। ਜਸਬੀਰ ਦੇ ਪਰਿਵਾਰ 'ਚ ਪਤਨੀ, ਤਿੰਨ ਸਾਲ ਦਾ ਬੇਟਾ ਤੇ ਬਜ਼ੁਰਗ ਮਾਂ-ਪਿਓ ਹਨ। ਦੋਵਾਂ ਨੌਜਵਾਨਾਂ ਦੇ ਮਾਪਿਆਂ ਨੇ ਸਰਕਾਰ ਤੋਂ ਦੇਹਾਂ ਭਾਰਤ ਮੰਗਵਾਉਣ ਦੀ ਮੰਗ ਕੀਤੀ ਤਾਂ ਜੋ ਪਰਿਵਾਰ ਆਪਣੇ ਪੁੱਤਰਾਂ ਦੀਆਂ ਅੰਤਿਮ ਰਸਮਾਂ ਪੂਰੀਆਂ ਕਰ ਸਕਣ।

## ਅਰਧ-ਬੇਹੋਸ਼ੀ ਦੀ ਹਾਲਤ 'ਚ ਖੁੱਲ੍ਹੇ ਅਸਮਾਨ ਥੱਲੇ ਰਾਤਾਂ ਕੱਟ ਰਹੇ ਬਜ਼ੁਰਗ ਨੂੰ ਸਰਾਭਾ ਆਸ਼ਰਮ ਨੇ ਸੰਭਾਲਿਆ



22 ਜਨਵਰੀ ਦਾ ਹੀ ਵਾਕਿਆ ਹੈ ਕਿ ਰਜ਼ਨੀਸ਼ ਕੁਮਾਰ ਨਾਮ ਦਾ 80 ਸਾਲਾ ਬਜ਼ੁਰਗ ਲੁਧਿਆਣੇ ਦੇ ਫੁਹਾਰਾ ਚੌਂਕ ਨਜ਼ਦੀਕ ਸੀਮੈਟਰੀ ਰੋਡ 'ਤੇ ਪਾਰਕ ਦੇ ਬਾਹਰ ਅਰਧ-ਬੇਹੋਸ਼ੀ ਦੀ ਹਾਲਤ ਵਿੱਚ ਬਿਮਾਰ ਪਿਆ ਸੀ। ਇਸਦੀ ਦੀ ਹਾਲਤ ਇੰਨੀ ਤਰਸਯੋਗ ਸੀ ਕਿ ਢਿੱਡੋਂ ਭੁੱਖੇ, ਤਨ 'ਤੇ ਮੈਲ ਨਾਲੇ ਭਰੇ ਹੋਏ ਕੱਪੜੇ, ਉੱਪਰੋਂ ਸਰਦੀ ਤੇ ਬਿਮਾਰੀ ਨਾਲ ਤੜਫ ਰਿਹਾ ਸੀ ਅਤੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕੀਤਾ ਹੋਇਆ ਸੀ । ਉੱਥੋਂ ਲੰਘ ਰਹੀ ਪੂਜਾ ਨਾਮ ਦੀ ਲੜਕੀ ਨੂੰ ਇਸ ਨੂੰ ਦੇਖ ਕੇ ਤਰਸ ਆਇਆ ਅਤੇ ਉਸ ਨੇ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿਖੇ ਫੋਨ ਕੀਤਾ ।

ਆਸ਼ਰਮ ਦੇ ਫਾਊਂਡਰ ਡਾ. ਨੌਰੰਗ ਸਿੰਘ ਮਾਂਗਟ ਫੋਨ ਸੁਣਕੇ ਤੁਰੰਤ ਹੀ ਮਰੀਜ਼ ਨੂੰ ਲੈਣ ਲਈ ਲੁਧਿਆਣੇ ਪਹੁੰਚ ਗਏ। ਉੱਥੇ ਜਾ ਕੇ ਮਰੀਜ਼ ਨੂੰ ਚੁੱਕ ਕੇ ਆਸ਼ਰਮ ਦੀ ਵੈਨ ਵਿੱਚ ਪਾਇਆ, ਮੌਕੇ ਤੇ ਬਣਦੀ ਮੈਡੀਕਲ ਸਹਾਇਤਾ ਦਿੱਤੀ ਅਤੇ ਫਿਰ ਆਸ਼ਰਮ ਵਿਖੇ ਲੈ ਆਏ। ਆਸ਼ਰਮ ਵਿੱਚ ਪਹੁੰਚਣ ਤੋਂ ਬਾਅਦ ਸੇਵਾਦਾਰਾਂ ਵੱਲੋਂ ਇਸ ਨੂੰ ਇਸ਼ਨਾਨ ਕਰਵਾਇਆ ਗਿਆ, ਪ੍ਰਸ਼ਾਦਾ-ਪਾਣੀ ਛਕਾਇਆ ਗਿਆ । ਜਦੋਂ ਕੁਝ ਹੋਸ਼ ਆਈ ਤਾਂ ਇਸ ਨਾਲ ਗੱਲ-ਬਾਤ ਕੀਤੀ ਗਈ। ਇਸਨੇ ਦੱਸਿਆ ਕਿ ਇਹ ਜੰਮੂ ਦਾ ਰਹਿਣ ਵਾਲਾ ਹੈ, ਦਸ ਸਾਲ ਦੀ ਉਮਰ ਵਿੱਚ ਹੀ ਘਰੋਂ ਨਿਕਲ ਆਇਆ ਸੀ। ਮਾਤਾ-ਪਿਤਾ ਦੀ ਮੌਤ ਹੋ ਗਈ, ਭੈਣ ਭਰਾ ਦਾ ਕੁੱਝ ਪਤਾ ਨਹੀ। ਬਚਪਨ ਅੰਮ੍ਰਿਤਸਰ ਦੀਆਂ ਸੜਕਾਂ ਤੇ ਰੋਟੀ-ਪਾਣੀ ਮੰਗ ਕੇ ਬੀਤਿਆ। ਫਿਰ ਘੁੰਮਦਾ-ਘੁੰਮਾਉਦਾਂ ਕਾਨ੍ਹਪੁਰ ਨਿਕਲ ਗਿਆ, ਉੱਥੇ 24 ਸਾਲ ਟਰੱਕ ਚਲਾ ਕੇ ਗੁਜਾਰਾ ਕਰਦਾ ਰਿਹਾ। ਇੱਕ ਦਿਨ ਅਚਾਨਕ ਅੱਖ ਵਿੱਚ ਸੱਟ ਲੱਗ ਗਈ ਤੇ ਇਲਾਜ ਲਈ ਲੁਧਿਆਣੇ ਆ ਗਿਆ, ਇਲਾਜ ਕਰਵਾਇਆ ਅਤੇ ਇੱਥੇ ਹੀ ਰਹਿ ਕੇ ਟੈਗੋਰ ਨਗਰ ਵਿੱਚ ਰਿਕਸ਼ਾ ਚਲਾਇਆ, ਵੇਟਰ ਦਾ ਕੰਮ ਵੀ ਕੀਤਾ। ਪਰ ਜਿੰਦਗੀ ਵਿੱਚ ਕਾਮਯਾਬ ਨਹੀ ਹੋ ਸਕਿਆ ਬਸ ਸੜਕਾਂ ਤੇ ਰੁਲਣ ਜੋਗਾ ਹੀ ਰਹਿ ਗਿਆ। ਹੁਣ ਤਕਰੀਬਨ 7-8 ਮਹੀਨੀਆਂ ਤੋਂ ਬਿਮਾਰੀ ਨੇ ਘੇਰ ਲਿਆ ਅਤੇ ਕੰਮ ਕਰਨ ਦੀ ਹਿੰਮਤ ਨਾ ਰਹੀ, ਮੰਗ ਕੇ ਖਾਣ ਲਈ ਮਜਬੂਰ ਹੋ ਗਿਆ ।

ਮੈਂ ਕਦੇ ਡੰਡੀ ਸੁਵਾਮੀ ਮੰਦਿਰ ਦੇ ਬਾਹਰ ਤੇ ਕਦੇ ਪਾਰਕਾਂ ਦੇ ਬਾਹਰ ਸੌਂ ਕੇ ਗੁਜਾਰਾ ਕਰਦਾ ਸੀ। ਹੁਣ ਇਹ ਆਉਣ ਵਾਲੀ ਜਿੰਦਗੀ ਸਰਾਭਾ ਆਸ਼ਰਮ ਵਿੱਚ ਬਤੀਤ ਕਰੇਗਾ। ਇੱਥੇ ਇਸਨੂੰ ਮੈਡੀਕਲ ਸਹਾਇਤਾ, ਮੰਜਾ-ਬਿਸਤਰਾ ਅਤੇ ਜਰੂਰਤ ਦਾ ਸਾਰਾ ਸਮਾਨ ਮੁਹੱਈਆ ਕਰਵਾਇਆ ਜਾਵੇਗਾ ਤਾਂ ਜੋ ਆਉਣ ਵਾਲੀ ਜ਼ਿੰਦਗੀ ਵਧੀਆ ਬਤੀਤ ਕਰ ਸਕੇ।

ਇਸ ਸੰਸਥਾ ਦੇ ਬਾਨੀ ਪੀ.ਏ.ਯੂ. ਦੇ ਰਿਟ. ਪ੍ਰੋਫ਼ੳਮਪ;ਸਰ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਨ੍ਹਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰ੍ਹਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵੱਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਸੰਪਰਕ: ਮੋਬਾਇਲ 95018-42506; 95018-42505

PUNJAB STAR TV

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ

IPTV
ROKU
eBaba Ent
webtv

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰਿਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666

YUPPTV
GET IT ON Google Play
Shava tv
Jadoo tv
Cruze tv
amazon fireTV

NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਟਰੰਪ ਨੇ PM ਮੋਦੀ ਨੂੰ ਦਿੱਤਾ ਅਮਰੀਕਾ ਆਉਣ ਦਾ ਸੱਦਾ

## ਪ੍ਰਧਾਨ ਮੰਤਰੀ ਮੋਦੀ ਫਰਵਰੀ ਮਹੀਨੇ ਆਉਣਗੇ ਅਮਰੀਕਾ




ਵਾਸ਼ਿੰਗਟਨ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਟਰੰਪ ਵਿਚਾਲੇ ਫ਼ੋਨ 'ਤੇ ਗੱਲਬਾਤ ਕੀਤੀ। ਇਸ ਗੱਲਬਾਤ ਸੰਬੰਧੀ ਪੀਐਮ ਮੋਦੀ ਨੇ ਸੋਸ਼ਲ ਮੀਡੀਆ 'ਤੇ ਪੋਸਟ ਵੀ ਕੀਤੀ ਹੈ। ਇਸ ਤੋਂ ਇਲਾਵਾ, ਵ੍ਹਾਈਟ ਹਾਊਸ ਨੇ ਗੱਲਬਾਤ ਦੇ ਵੇਰਵੇ ਵੀ ਜਾਰੀ ਕੀਤੇ ਹਨ। ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਦੋਵਾਂ ਦੇਸ਼ਾਂ ਵਿਚਕਾਰ ਨਿਰਪੱਖ ਵਪਾਰ ਬਾਰੇ ਗੱਲ ਕੀਤੀ ਹੈ। ਇਸ ਦੌਰਾਨ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਅਮਰੀਕਾ ਆਉਣ ਦਾ ਸੱਦਾ ਦਿੱਤਾ ਹੈ।

ਵ੍ਹਾਈਟ ਹਾਊਸ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਇੱਕ ਫਲਦਾਇਕ ਗੱਲਬਾਤ ਹੋਈ। ਇਸ ਦੌਰਾਨ ਦੋਵਾਂ ਆਗੂਆਂ ਨੇ ਸਹਿਯੋਗ ਵਧਾਉਣ ਅਤੇ ਸਬੰਧਾਂ ਨੂੰ ਡੂੰਘਾ ਕਰਨ ਬਾਰੇ ਗੱਲ ਕੀਤੀ। ਟਰੰਪ ਅਤੇ ਮੋਦੀ ਨੇ ਕਈ ਖੇਤਰੀ ਮੁੱਦਿਆਂ 'ਤੇ ਵੀ ਚਰਚਾ ਕੀਤੀ, ਜਿਨ੍ਹਾਂ ਵਿੱਚ ਇੰਡੋ-ਪੈਸੀਫਿਕ, ਮੱਧ ਪੂਰਬ ਅਤੇ ਯੂਰਪ ਵਿੱਚ ਸੁਰੱਖਿਆ ਸ਼ਾਮਲ ਹੈ। ਰਾਸ਼ਟਰਪਤੀ ਟਰੰਪ ਨੇ ਭਾਰਤ ਵੱਲੋਂ ਅਮਰੀਕੀ ਸੁਰੱਖਿਆ ਉਪਕਰਣਾਂ ਦੀ ਖਰੀਦ ਵਧਾਉਣ ਅਤੇ ਇੱਕ ਨਿਰਪੱਖ ਦੁਵੱਲੇ ਵਪਾਰਕ ਸਬੰਧਾਂ ਵੱਲ ਵਧਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਦੋਵਾਂ ਆਗੂਆਂ ਨੇ ਦੇਸ਼ਾਂ ਵਿਚਕਾਰ ਦੋਸਤੀ ਅਤੇ ਰਣਨੀਤਕ ਸਬੰਧਾਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਮੋਦੀ ਦੀ ਵ੍ਹਾਈਟ ਹਾਊਸ ਫੇਰੀ ਦੀਆਂ ਯੋਜਨਾਵਾਂ 'ਤੇ ਵੀ ਚਰਚਾ ਕੀਤੀ। ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਜਲਦੀ ਹੀ ਅਮਰੀਕਾ ਆਉਣ ਦਾ ਸੱਦਾ ਦਿੱਤਾ ਹੈ।

ਟਵਿੱਟਰ 'ਤੇ ਪੋਸਟ ਕਰਦਿਆਂ ਪ੍ਰਧਾਨ ਮੰਤਰੀ ਨੇ ਲਿਖਿਆ ਕਿ ਉਹ ਆਪਣੇ ਪਿਆਰੇ ਦੋਸਤ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਗੱਲ ਕਰਕੇ ਬਹੁਤ ਖੁਸ਼ ਹਨ। ਉਨ੍ਹਾਂ ਨੂੰ ਉਨ੍ਹਾਂ ਦੇ ਇਤਿਹਾਸਕ ਦੂਜੇ ਕਾਰਜਕਾਲ ਲਈ ਵਧਾਈ ਦਿੱਤੀ। ਅਸੀਂ ਆਪਸੀ ਲਾਭਦਾਇਕ ਅਤੇ ਭਰੋਸੇਮੰਦ ਸਾਂਝੇਦਾਰੀ ਲਈ ਵਚਨਬੱਧ ਹਾਂ। ਅਸੀਂ ਆਪਣੇ ਲੋਕਾਂ ਦੀ ਭਲਾਈ ਅਤੇ ਵਿਸ਼ਵ ਸ਼ਾਂਤੀ, ਖੁਸ਼ਹਾਲੀ ਅਤੇ ਸੁਰੱਖਿਆ ਲਈ ਮਿਲ ਕੇ ਕੰਮ ਕਰਾਂਗੇ।

# ਆਸਟ੍ਰੇਲੀਆ ਦੇ ਜੰਗਲਾਂ 'ਚ ਲੱਗੀ ਅੱਗ, ਲੋਕਾਂ ਨੂੰ ਕੱਢਣ ਦਾ ਹੁਕਮ ਜਾਰੀ



ਸਿਡਨੀ : ਆਸਟ੍ਰੇਲੀਆ ਦੇ ਵਿਕਟੋਰੀਆ ਰਾਜ ਦੀ ਰਾਜਧਾਨੀ ਮੈਲਬੌਰਨ ਵਿੱਚ ਜੰਗਲਾਂ ਦੀ ਅੱਗ ਲਗਾਤਾਰ ਫੈਲਦੀ ਜਾ ਰਹੀ ਹੈ, ਜਿਸ ਕਾਰਨ ਦੱਖਣ-ਪੂਰਬੀ ਆਸਟ੍ਰੇਲੀਆ ਦੇ ਅਧਿਕਾਰੀਆਂ ਨੇ ਆਲੇ ਦੁਆਲੇ ਦੇ ਇਲਾਕਿਆਂ ਦੇ ਲੋਕਾਂ ਨੂੰ ਆਪਣੇ ਘਰ ਖਾਲੀ ਕਰਨ ਅਤੇ ਸੁਰੱਖਿਅਤ ਥਾਂ 'ਤੇ ਜਾਣ ਦੇ ਹੁਕਮ ਦਿੱਤੇ ਹਨ। ਵਿਕਟੋਰੀਆ ਦੀਆਂ ਐਮਰਜੈਂਸੀ ਸੇਵਾਵਾਂ ਨੇ ਵੀਰਵਾਰ ਸਵੇਰੇ ਮੈਲਬੌਰਨ ਤੋਂ ਲਗਭਗ 250 ਕਿਲੋਮੀਟਰ ਪੱਛਮ ਵਿੱਚ, ਗ੍ਰੈਂਪੀਅਨਜ਼ ਨੈਸ਼ਨਲ ਪਾਰਕ ਦੇ ਦੱਖਣ-ਪੱਛਮੀ ਕਿਨਾਰੇ ਨੇੜੇ ਚਾਰ ਛੋਟੇ ਕਸਬਿਆਂ ਦੇ ਲਗਭਗ 100 ਨਿਵਾਸੀਆਂ ਨੂੰ ਬੇਕਾਬੂ ਅੱਗ ਦੁਆਰਾ ਪੈਦਾ ਹੋਣ ਵਾਲੇ ਖ਼ਤਰੇ ਤੋਂ ਬਚਣ ਲਈ ਤੁਰੰਤ ਆਪਣੇ ਘਰ ਛੱਡਣ ਦੀ ਅਪੀਲ ਕੀਤੀ। ਸਥਾਨਕ ਸਮੇਂ ਅਨੁਸਾਰ ਸਵੇਰੇ 7:30 ਵਜੇ ਤੋਂ ਬਾਅਦ ਵਿਕ ਐਮਰਜੈਂਸੀ ਵੱਲੋਂ ਜਾਰੀ ਕੀਤੀ ਗਈ ਚਿਤਾਵਨੀ ਵਿੱਚ ਕਿਹਾ ਗਿਆ ਹੈ ਕਿ ਰਾਤ ਭਰ ਅੱਗ ਦੀਆਂ ਗਤੀਵਿਧੀਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ, ਜਿਸ ਨਾਲ ਰਾਸ਼ਟਰੀ ਪਾਰਕ ਦੇ ਪੱਛਮੀ ਕਿਨਾਰੇ 'ਤੇ ਲੱਗੀ ਅੱਗ ਕਈ ਦਿਸ਼ਾਵਾਂ ਵਿੱਚ ਫੈਲ ਗਈ ਹੈ। ਐਮਰਜੈਂਸੀ ਸੇਵਾਵਾਂ ਨੇ ਕਿਹਾ ਕਿ ਸਭ ਤੋਂ ਸੁਰੱਖਿਅਤ ਵਿਕਲਪ ਇਹ ਸੀ ਕਿ ਹਾਲਾਤ ਬਹੁਤ ਖ਼ਤਰਨਾਕ ਹੋਣ ਤੋਂ ਪਹਿਲਾਂ ਤੁਰੰਤ ਚਲੇ ਜਾਣਾ। ਜੇ ਤੁਸੀਂ ਰੁਕਣ ਦਾ ਫ਼ੈਸਲਾ ਕਰਦੇ ਹੋ, ਤਾਂ ਐਮਰਜੈਂਸੀ ਸੇਵਾਵਾਂ ਤੁਹਾਡੀ ਮਦਦ ਨਹੀਂ ਕਰ ਸਕਣਗੀਆਂ। ਸੋਮਵਾਰ ਨੂੰ ਪੂਰਬ ਵਿੱਚ ਬਿਜਲੀ ਡਿੱਗਣ ਨਾਲ ਪ੍ਰਭਾਵਿਤ ਤਿੰਨ ਹੋਰ ਕਸਬਿਆਂ ਦੇ ਨਿਵਾਸੀਆਂ ਨੂੰ ਦੱਸਿਆ ਗਿਆ ਹੈ ਕਿ ਉਥੋਂ ਚਲੇ ਜਾਣਾ ਹੀ ਸਭ ਤੋਂ ਸੁਰੱਖਿਅਤ ਵਿਕਲਪ ਹੈ। ਘਟਨਾ ਕੰਟਰੋਲਰ ਪੀਟਰ ਵੈਸਟਰਨ ਨੇ ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਏ.ਬੀ.ਸੀ) ਨੂੰ ਦੱਸਿਆ ਕਿ ਹਲਕੇ ਹਾਲਾਤ ਦੇ ਬਾਵਜੂਦ ਅੱਗ ਰਾਤੋ-ਰਾਤ 7,000 ਹੈਕਟੇਅਰ ਤੱਕ ਫੈਲ ਗਈ। ਉਨ੍ਹਾਂ ਕਿਹਾ ਕਿ ਪਾਰਕ ਦੇ ਪੱਛਮੀ ਕਿਨਾਰੇ 'ਤੇ ਕੁਝ ਨਿੱਜੀ ਜਾਇਦਾਦ ਸੜ ਕੇ ਸੁਆਹ ਹੋ ਗਈ। ਰਾਸ਼ਟਰੀ ਪਾਰਕ ਦੇ ਉੱਤਰ ਵਿੱਚ ਲੱਗੀ ਦੂਜੀ ਅੱਗ ਨੇੜੇ ਰਹਿਣ ਵਾਲੇ ਭਾਈਚਾਰਿਆਂ ਨੂੰ ਬਦਲਦੀਆਂ ਸਥਿਤੀਆਂ ਦੀ ਨਿਗਰਾਨੀ ਕਰਨ ਅਤੇ ਖਾਲੀ ਕਰਨ ਲਈ ਤਿਆਰ ਰਹਿਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਕਰਮਚਾਰੀ ਸ਼ਨੀਵਾਰ ਤੋਂ ਮੰਗਲਵਾਰ ਤੱਕ ਚੱਲਣ ਵਾਲੀ ਗਰਮੀ ਦੀ ਲਹਿਰ ਤੋਂ ਪਹਿਲਾਂ ਅੱਗ 'ਤੇ ਕਾਬੂ ਪਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ।

# ਸਾਲ 2025 ਲਈ ਸ਼੍ਰੋਮਣੀ ਕਮੇਟੀ ਦੀ ਕਬੱਡੀ ਟੀਮ ਦਾ ਕੀਤਾ ਐਲਾਨ




ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਅੱਜ ਸ਼੍ਰੋਮਣੀ ਕਮੇਟੀ ਦੀ ਕਬੱਡੀ ਟੀਮ ਦਾ ਆਉਣ ਵਾਲੇ ਸੈਸਨ 2025 ਲਈ ਐਲਾਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਅਮਰਜੀਤ ਸਿੰਘ ਭਲਾਈਪੁਰ ਤੇ ਸਕੱਤਰ ਖੇਡ ਤੇਜਿੰਦਰ ਸਿੰਘ ਪੱਡਾ ਨੇ ਟੀਮ ਐਲਾਨ ਕਰਦਿਆਂ ਕਬੱਡੀ ਖਿਡਾਰੀਆਂ ਦੀਆਂ ਨਵੀਆਂ ਜਰਸੀਆਂ ਜਾਰੀ ਕੀਤੀਆਂ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਹਾਕੀ ਅਕੈਡਮੀ ਅਤੇ ਕਬੱਡੀ ਅਕੈਡਮੀ ਰਾਹੀਂ ਖਿਡਾਰੀ ਤਿਆਰ ਕਰਨ ਦੇ ਨਾਲ-ਨਾਲ ਸਿੱਖ ਨੌਜਵਾਨਾਂ ਨੂੰ ਮਾਰਸ਼ਲ ਆਰਟ ਗਤਕੇ ਦੀ ਸਿੱਖਲਾਈ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕਬੱਡੀ ਖਿਡਾਰੀਆਂ ਵੱਲੋਂ ਹਰ ਸਾਲ ਵੱਡੀਆਂ ਮਲਾਂ ਮਾਰੀਆਂ ਜਾਂਦੀਆਂ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਇਸ ਸਾਲ ਦੇ ਆਉਣ ਵਾਲੇ ਸੈਸ਼ਨ ਲਈ ਕਬੱਡੀ ਟੀਮ ਦਾ ਅੱਜ ਐਲਾਨ ਕੀਤਾ ਗਿਆ ਹੈ, ਜੋ ਮੇਜਰ ਸਿੰਘ ਸਹੋੜੀ ਕੋਚ ਦੀ ਨਿਗਰਾਨੀ ਹੇਠ ਮੇਜਰ ਲੀਗ ਕਬੱਡੀ ਫੈਡਰੇਸ਼ਨ 'ਚ ਖੇਡੇਗੀ। ਇਸ ਟੀਮ ਵਿਚ ਭੁਪਿੰਦਰ ਸਿੰਘ ਭਿੰਦਾ ਮੂਲੇਵਾਲ ਨੂੰ ਕਪਤਾਨ ਅਤੇ ਕੁਲਦੀਪ ਸਿੰਘ ਸ਼ਿਕਾਰ ਮਾਛੀਆਂ ਤੇ ਜਰਮਨਜੀਤ ਸਿੰਘ ਬੱਲਪੁਰੀਆਂ ਨੂੰ ਉਪ ਕਪਤਾਨ ਬਣਾਇਆ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਕਬੱਡੀ ਟੀਮ ਵਿਚ ਅੰਮ੍ਰਿਤਪਾਲ ਸਿੰਘ ਲੰਬੜ ਮੱਲੀਆਂ, ਮਨਪ੍ਰੀਤ ਸਿੰਘ ਟਰਪੱਲਾ, ਸ਼ਨੀਪ੍ਰਤਾਪ ਸਿੰਘ ਡੇਰਾ ਬਾਬਾ ਨਾਨਕ, ਬਲਰਾਜ ਸਿੰਘ ਬੱਲਾ ਕਠਿਆਲਾ, ਲਵਜੀਤ ਸਿੰਘ ਕੁਹਾਲਾ, ਸੁਖਰਾਜ ਸਿੰਘ ਰਤਨਗੜ੍ਹ, ਜਸਪਿੰਦਰ ਸਿੰਘ ਜੱਸ, ਕਰਮਜੀਤ ਸਿੰਘ ਲਸਾੜਾ, ਧਰਮਪਾਲ ਸਿੰਘ ਅਵਾਨ, ਕੁਲਜੀਤ ਸਿੰਘ ਘਰਾਚੋਂ, ਗੁਰਪ੍ਰੀਤ ਸਿੰਘ ਮੰਗੂ, ਗੁਰਪ੍ਰੀਤ ਸਿੰਘ ਮੰਡੀਆਂ, ਕੰਮਲਜੀਤ ਸਿੰਘ ਲੰਬੜ, ਗਗਨਦੀਪ ਸਿੰਘ ਡੇਰਾ ਬਾਬਾ ਨਾਨਕ, ਲਵਪ੍ਰੀਤ ਸਿੰਘ ਗਗੂ, ਹਰਮਨਪ੍ਰੀਤ ਸਿੰਘ ਰੋਡੇ ਤੇ ਬਲਰਾਜ ਸਿੰਘ ਬੱਲਾ ਖੇਡਣਗੇ। ਉਨ੍ਹਾਂ ਨੌਜਵਾਨਾ ਨੂੰ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਨਾਲ ਜੁੜਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਸਕੱਤਰ ਖੇਡ ਤਜਿੰਦਰ ਸਿੰਘ ਪੱਡਾ, ਇੰਚਾਰਜ ਗੁਰਮੀਤ ਸਿੰਘ ਮੁਕਤਸਰੀ, ਸਹਾਇਕ ਸੁਪਡੈਂਟ ਸੁਰਜੀਤ ਸਿੰਘ ਰਾਣਾ ਤੇ ਕਬੱਡੀ ਖਿਡਾਰੀ ਹਾਜ਼ਰ ਸਨ।

# ਟਰੰਪ ਨੇ ਭਾਰਤੀ-ਅਮਰੀਕੀ ਸਾਬਕਾ ਪੱਤਰਕਾਰ ਨੂੰ ਆਪਣਾ ਡਿਪਟੀ ਪ੍ਰੈੱਸ ਸਕੱਤਰ ਨਿਯੁਕਤ ਕੀਤਾ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ-ਅਮਰੀਕੀ ਸਾਬਕਾ ਪੱਤਰਕਾਰ ਕੁਸ਼ ਦੇਸਾਈ ਨੂੰ ਆਪਣਾ ਡਿਪਟੀ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਹੈ। ਇਹ ਐਲਾਨ ਵ੍ਹਾਈਟ ਹਾਊਸ ਨੇ ਕੀਤਾ ਹੈ।

ਦੇਸਾਈ ਪਹਿਲਾਂ ਆਇਓਵਾ ਸੂਬੇ ਵਿਚ ਰਿਪਬਲਿਕਨ ਪਾਰਟੀ ਲਈ 2024 ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਅਤੇ ਸੰਚਾਰ ਨਿਰਦੇਸ਼ਕ ਲਈ ਡਿਪਟੀ ਸੰਚਾਰ ਨਿਰਦੇਸ਼ਕ ਵਜੋਂ ਸੇਵਾ ਨਿਭਾਅ ਚੁੱਕੇ ਹਨ।

ਦੇਸਾਈ ਰਿਪਬਲਿਕਨ ਨੈਸ਼ਨਲ ਕਮੇਟੀ ਵਿੱਚ ਡਿਪਟੀ ਬੈਟਲਗ੍ਰਾਊਂਡ ਸਟੇਟਸ ਅਤੇ ਪੈਨਸਿਲਵੇਨੀਆ ਸੰਚਾਰ ਨਿਰਦੇਸ਼ਕ ਵੀ ਸਨ। ਇਸ ਹੈਸੀਅਤ ਵਿੱਚ ਉਨ੍ਹਾਂ ਚੋਣਾਂ ਦੌਰਾਨ ਫਸਵੇਂ ਮੁਕਾਬਲੇ ਵਾਲੇ ਸੂਬਿਆਂ (battleground States) ਖ਼ਾਸਕਰ ਪੈਨਸਿਲਵੇਨੀਆ ਵਿੱਚ ਸੰਦੇਸ਼ ਲਈ ਅਤੇ ਬਿਰਤਾਂਤ ਸਿਰਜਣ ਵਿੱਚ ਮੁੱਖ ਭੂਮਿਕਾ ਨਿਭਾਈ।

ਟਰੰਪ ਨੇ ਸਾਰੇ ਸੱਤ ਬੈਟਲਗ੍ਰਾਊਂਡ ਸਟੇਟਸ ਵਿੱਚ ਜਿੱਤ ਪ੍ਰਾਪਤ ਕੀਤੀ। ਵ੍ਹਾਈਟ ਹਾਊਸ ਨੇ ਸ਼ੁੱਕਰਵਾਰ ਨੂੰ ਇਸ ਨਿਯੁਕਤੀ ਦਾ ਐਲਾਨ ਕੀਤਾ ਹੈ। ਵ੍ਹਾਈਟ ਹਾਊਸ ਸੰਚਾਰ ਦਫਤਰ ਦੀ ਨਿਗਰਾਨੀ ਡਿਪਟੀ ਵ੍ਹਾਈਟ ਹਾਊਸ ਚੀਫ਼ ਆਫ਼ ਸਟਾਫ਼ ਅਤੇ ਕੈਬਨਿਟ ਸਕੱਤਰ ਟੇਲਰ ਬੁਡੋਵਿਚ ਕਰਨਗੇ।

ਟਰੰਪ ਨੇ ਪਹਿਲਾਂ ਰਾਸ਼ਟਰਪਤੀ ਦੇ ਸਹਾਇਕ ਅਤੇ ਵ੍ਹਾਈਟ ਹਾਊਸ ਸੰਚਾਰ ਨਿਰਦੇਸ਼ਕ ਸਟੀਵਨ ਚੇਂਗ ਅਤੇ ਰਾਸ਼ਟਰਪਤੀ ਦੇ ਸਹਾਇਕ ਤੇ ਪ੍ਰੈਸ ਸਕੱਤਰ ਕੈਰੋਲੀਨ ਲੀਵਿਟ ਦੀਆਂ ਨਿਯੁਕਤੀਆਂ ਦਾ ਐਲਾਨ ਕੀਤਾ ਸੀ।

# ਸਾਬਕਾ ਅਮਰੀਕੀ ਸੈਨੇਟਰ ਨੂੰ 11 ਸਾਲ ਦੀ ਕੈਦ ਦੀ ਸਜ਼ਾ



ਨਿਊਯਾਰਕ : ਨਿਊ ਜਰਸੀ ਤੋਂ ਸਾਬਕਾ ਅਮਰੀਕੀ ਸੈਨੇਟਰ ਬੌਬ ਮੇਨਡੇਜ਼ ਨੂੰ ਪਿਛਲੇ ਜੁਲਾਈ ਵਿੱਚ ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ 11 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਜ਼ਿਲ੍ਹਾ ਅਦਾਲਤ ਦੇ ਜੱਜ ਸਿਡਨੀ ਐਚ. ਸਟਾਈਨ ਨੇ ਜਨਵਰੀ ਦੇ ਸ਼ੁਰੂ ਵਿੱਚ ਮੇਨੇਂਡੇਜ਼ ਨੂੰ ਸਜ਼ਾ ਸੁਣਾਈ ਜਦੋਂ ਉਸਦੇ ਵਕੀਲਾਂ ਨੇ ਨਰਮੀ ਲਈ ਅਪੀਲ ਦਾਇਰ ਕੀਤੀ। ਇਸ ਦੌਰਾਨ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਦਫ਼ਤਰ ਦੇ ਵਕੀਲਾਂ ਨੇ 15 ਸਾਲ ਦੀ ਕੈਦ ਦੀ ਸਜ਼ਾ ਦੀ ਬੇਨਤੀ ਕੀਤੀ।

ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਸੰਯੁਕਤ ਰਾਜ ਅਮਰੀਕਾ ਦੇ ਵਕੀਲ ਡੈਨੀਅਲ ਆਰ. ਸੈਸੂਨ ਨੇ ਇੱਕ ਬਿਆਨ ਵਿੱਚ ਕਿਹਾ, "ਅੱਜ ਦਿੱਤੀਆਂ ਗਈਆਂ ਸਜ਼ਾਵਾਂ ਸੰਘੀ ਸਰਕਾਰ ਦੀ ਵਿਧਾਨਕ ਸ਼ਾਖਾ ਦੇ ਉੱਚ ਪੱਧਰ 'ਤੇ ਸ਼ਕਤੀ ਦੀ ਘੋਰ ਦੁਰਵਰਤੋਂ ਦਾ ਨਤੀਜਾ ਹਨ।" ਰਾਬਰਟ ਮੇਨਨਡੇਜ਼ ਨੂੰ ਸੰਯੁਕਤ ਰਾਜ ਅਮਰੀਕਾ ਅਤੇ ਨਿਊ ਜਰਸੀ ਰਾਜ ਦੀ ਨੁਮਾਇੰਦਗੀ ਕਰਨ ਲਈ ਭਰੋਸੇਯੋਗ ਮੰਨਿਆ ਗਿਆ ਸੀ, ਪਰ ਇਸ ਦੀ ਬਜਾਏ ਉਸਨੇ ਆਪਣੀ ਸਥਿਤੀ ਦੀ ਵਰਤੋਂ ਆਪਣੀ ਮਦਦ ਲਈ ਕੀਤੀ। 1954 ਵਿੱਚ ਜਨਮੇ ਮੇਨਨਡੇਜ਼ ਨੇ 2006 ਤੋਂ 2024 ਵਿੱਚ ਆਪਣੇ ਅਸਤੀਫੇ ਤੱਕ ਅਮਰੀਕੀ ਸੈਨੇਟਰ ਵਜੋਂ ਸੇਵਾ ਨਿਭਾਈ। ਸੈਨੇਟ ਵਿੱਚ ਸੇਵਾ ਨਿਭਾਈ ਅਤੇ 2013 ਤੋਂ 2015 ਅਤੇ 2021 ਤੋਂ 2023 ਤੱਕ ਵਿਦੇਸ਼ੀ ਸਬੰਧਾਂ ਬਾਰੇ ਸੰਯੁਕਤ ਰਾਜ ਸੈਨੇਟ ਕਮੇਟੀ ਦੀ ਪ੍ਰਧਾਨਗੀ ਕੀਤੀ। ਜੱਜ ਨੇ ਬੁੱਧਵਾਰ ਨੂੰ ਦੋ ਸਹਿ-ਮੁਲਜ਼ਮਾਂ ਨੂੰ ਕਈ ਸਾਲ ਕੈਦ ਦੀ ਸਜ਼ਾ ਵੀ ਸੁਣਾਈ।

# ਬ੍ਰਿਟੇਨ ਨੇ ਭਾਰਤ 'ਚ ਸੈਟੇਲਾਈਟ ਫੋਨ ਦੀ ਵਰਤੋਂ 'ਤੇ ਨਾਗਰਿਕਾਂ ਨੂੰ ਦਿੱਤੀ ਚੇਤਾਵਨੀ





ਬ੍ਰਿਟਿਸ਼ ਸਰਕਾਰ ਨੇ ਇੱਕ ਵਾਰ ਫਿਰ ਭਾਰਤ ਲਈ ਆਪਣੀ ਯਾਤਰਾ ਐਡਵਾਈਜ਼ਰੀ ਨੂੰ ਅਪਡੇਟ ਕੀਤਾ। ਨਵੀਂ ਜਾਣਕਾਰੀ ਅਨੁਸਾਰ ਸੈਟੇਲਾਈਟ ਫੋਨ ਅਤੇ ਜੀਪੀਐਸ ਮਸ਼ੀਨਾਂ ਦੀ ਬਿਨਾਂ ਲਾਇਸੈਂਸ ਵਰਤੋਂ 'ਤੇ ਸਖ਼ਤ ਚੇਤਾਵਨੀ ਦਿੱਤੀ ਗਈ ਹੈ। ਇਸ ਨੇ ਆਪਣੇ ਨਾਗਰਿਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਬਿਨਾਂ ਲਾਇਸੈਂਸ ਦੇ ਭਾਰਤ ਵਿੱਚ ਸੈਟੇਲਾਈਟ ਫ਼ੋਨ ਲਿਜਾਣ ਜਾਂ ਵਰਤਣ 'ਤੇ ਜੁਰਮਾਨਾ ਅਤੇ ਗ੍ਰਿਫਤਾਰੀ ਵੀ ਹੋ ਸਕਦੀ ਹੈ। ਵਿਦੇਸ਼ੀ, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ (ਐਫਸੀਡੀਓ) ਨੇ ਆਪਣੇ ਸੁਰੱਖਿਆ ਸੈਕਸ਼ਨ ਦੀ ਸਮੀਖਿਆ ਕਰਦੇ ਹੋਏ ਦੱਸਿਆ ਕਿ ਭਾਰਤ ਵਿੱਚ ਸੈਟੇਲਾਈਟ ਫੋਨ ਜਾਂ ਹੋਰ ਅਜਿਹੇ ਉਪਕਰਨਾਂ ਦੀ ਗੈਰ-ਕਾਨੂੰਨੀ ਵਰਤੋਂ ਲਈ ਕਈ ਬ੍ਰਿਟਿਸ਼ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। FCDO ਨੇ ਆਪਣੇ ਅਪਡੇਟ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਬਿਨਾਂ ਲਾਇਸੈਂਸ ਦੇ ਸੈਟੇਲਾਈਟ ਫੋਨਾਂ ਅਤੇ ਘਫਸ਼ ਡਿਵਾਈਸਾਂ ਨੂੰ ਰੱਖਣਾ ਅਤੇ ਚਲਾਉਣਾ ਗੈਰ-ਕਾਨੂੰਨੀ ਹੈ, ਭਾਵੇਂ ਤੁਸੀਂ ਸਿਰਫ਼ ਭਾਰਤ ਵਿੱਚੋਂ ਲੰਘ ਰਹੇ ਹੋਵੋ। ਬਿਨਾਂ ਇਜਾਜ਼ਤ ਦੇ ਅਜਿਹੇ ਯੰਤਰਾਂ ਦੀ ਵਰਤੋਂ ਦੇ ਨਤੀਜੇ ਵਜੋਂ ਜੁਰਮਾਨਾ ਜਾਂ ਗ੍ਰਿਫਤਾਰੀ ਹੋ ਸਕਦੀ ਹੈ ਅਤੇ ਡਿਵਾਈਸ ਨੂੰ ਜ਼ਬਤ ਵੀ ਕੀਤਾ ਜਾ ਸਕਦਾ ਹੈ। ਇਸ ਵਿਚ ਇਹ ਵੀ ਨੋਟ ਕੀਤਾ ਗਿਆ ਹੈ ਕਿ ਕਈ ਬ੍ਰਿਟਿਸ਼ ਨਾਗਰਿਕਾਂ ਨੂੰ ਬਿਨਾਂ ਇਜਾਜ਼ਤ ਭਾਰਤ ਵਿਚ ਸੈਟੇਲਾਈਟ ਫੋਨ ਜਾਂ ਹੋਰ ਨੈਵੀਗੇਸ਼ਨ ਯੰਤਰ ਲਿਆਉਣ ਲਈ ਗ੍ਰਿਫਤਾਰ ਜਾਂ ਹਿਰਾਸਤ ਵਿਚ ਲਿਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਡਿਵਾਈਸਾਂ ਲਈ ਲਾਇਸੈਂਸ ਲੈਣ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦੇਣ ਲਈ ਦੂਰਸੰਚਾਰ ਵਿਭਾਗ ਦਾ ਲਿੰਕ ਵੀ ਸਾਂਝਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਐਡਵਾਈਜ਼ਰੀ 'ਚ ਇਹ ਵੀ ਕਿਹਾ ਗਿਆ ਹੈ ਕਿ ਫੌਜੀ ਖੇਤਰਾਂ, ਸਰਕਾਰੀ ਇਮਾਰਤਾਂ, ਹਵਾਈ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ ਦੇ ਨੇੜੇ ਕੈਮਰੇ ਜਾਂ ਦੂਰਬੀਨ, ਫੋਟੋਗ੍ਰਾਫੀ, ਪੰਛੀ ਦੇਖਣ ਜਾਂ ਜਹਾਜ਼ ਦੇਖਣ ਵਰਗੇ ਉਪਕਰਨਾਂ ਦੀ ਵਰਤੋਂ ਕਰਨਾ ਗਲਤ ਮੰਨਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ, ਯੂਕੇ ਸਰਕਾਰ ਨੇ ਦਸੰਬਰ ਦੇ ਅਖੀਰ ਵਿੱਚ ਆਪਣੀ ਯਾਤਰਾ ਸਲਾਹਕਾਰ ਨੂੰ ਅਪਡੇਟ ਕੀਤਾ ਸੀ, ਜਿਸ ਵਿੱਚ ਬ੍ਰਿਟਿਸ਼ ਨਾਗਰਿਕਾਂ ਨੂੰ ਭਾਰਤ ਵਿੱਚ ਸੈਟੇਲਾਈਟ ਫੋਨ ਅਤੇ ਜੀਪੀਐਸ ਉਪਕਰਣਾਂ ਦੀ ਵਰਤੋਂ ਬਾਰੇ ਅਗਾਊਂ ਸਲਾਹ ਲੈਣ ਦਾ ਸੁਝਾਅ ਦਿੱਤਾ ਗਿਆ ਸੀ। ਇਸ ਸੁਝਾਅ ਨੂੰ ਹੁਣ ਹਟਾ ਦਿੱਤਾ ਗਿਆ ਹੈ ਅਤੇ ਚੇਤਾਵਨੀ ਨਾਲ ਬਦਲ ਦਿੱਤਾ ਗਿਆ ਹੈ। ਭਾਰਤ ਵਿੱਚ ਸੈਟੇਲਾਈਟ ਫੋਨਾਂ ਅਤੇ ਜੀਪੀਐਸ ਮਸ਼ੀਨਾਂ ਦੀ ਵਰਤੋਂ ਬਾਰੇ ਇਹ ਸਲਾਹ ਵੀ ਦਸੰਬਰ 2024 ਵਿੱਚ ਅਪਡੇਟ ਕੀਤੀ ਗਈ ਸੀ। ਇਹ ਯਾਤਰਾ ਐਡਵਾਈਜ਼ਰੀ ਸਿਰਫ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਜਾਰੀ ਕੀਤੀ ਗਈ ਹੈ ਅਤੇ ਇਸਦਾ ਉਦੇਸ਼ ਯਾਤਰੀਆਂ ਨੂੰ ਸੰਭਾਵਿਤ ਜੋਖਮਾਂ ਬਾਰੇ ਸੁਚੇਤ ਕਰਨਾ ਹੈ। ਭਾਰਤ ਲਈ ਜਾਰੀ ਐਡਵਾਈਜ਼ਰੀ 'ਚ ਕੁਝ ਹੋਰ ਖੇਤਰਾਂ ਨੂੰ ਲੈ ਕੇ ਸਲਾਹ ਦਿੱਤੀ ਗਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਵਾਹਗਾ ਬਾਰਡਰ ਨੂੰ ਛੱਡ ਕੇ ਭਾਰਤ-ਪਾਕਿਸਤਾਨ ਸਰਹੱਦ ਦੇ 10 ਕਿਲੋਮੀਟਰ ਦੇ ਅੰਦਰ ਯਾਤਰਾ ਕਰਨ ਤੋਂ ਬਚੋ। ਇਸ ਤੋਂ ਇਲਾਵਾ ਬ੍ਰਿਟਿਸ਼ ਨਾਗਰਿਕਾਂ ਨੂੰ ਕਸ਼ਮੀਰ ਅਤੇ ਮਣੀਪੁਰ ਦੀ ਯਾਤਰਾ ਨਾ ਕਰਨ ਦੀ ਵੀ ਸਲਾਹ ਦਿੱਤੀ ਗਈ ਹੈ, ਕਿਉਂਕਿ ਇਹ ਖੇਤਰ ਸੰਵੇਦਨਸ਼ੀਲ ਮੰਨੇ ਜਾਂਦੇ ਹਨ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ

AJWA DATE
FRESH SEED POWDER
UNROASTED | 100% NATURAL | PREMIUM QUALITY

HEART BRAIN LIVER KIDNEYS

100% NATURAL PRODUCT
PRODUCT OF CANADA

NUTRA SELECT

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।

ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।

ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।

ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton

ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ

Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.

Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind

RAJPAL BRAR
Your Insurance Specialist
Call for Consultation
416-917-1456

Consolidate your insurance under one policy to save the high cost rather wasting too much money on just policy fees

Trusted Name in the community from the last 12 years for our professional, honest, dedicated & committed service

PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga

ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE

Save Money ... with one application you get access to many lenders, from major banks to private lenders, so we can find you the mortgage with the best rate and terms that fit your needs.

Get Pre-Approved ...find out how much you qualify for and get pre-approved so you can choose your dream home with peace of mind.

Expert Advice ...with many years of experience in the financial industry, you'll get the Right counsel.

No Cost ...all my services are at no cost to you. OAC. Some restrictions apply.

- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS

NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ

# ਪੰਜਾਬ ਨੂੰ ਬਣਾਇਆ ਕਤਲਗਾਹ ?

ਪੰਜਾਬ ਨੂੰ 19ਵੀਂ ਸਦੀ ਤੋਂ ਸਮੇਂ ਦੇ ਹਾਕਮਾਂ ਨੇ ਪ੍ਰਯੋਗਸ਼ਾਲਾ ਬਣਾਇਆ ਹੋਇਆ ਹੈ। ਜਦ ਵੀ ਦੇਸ਼ ਨੂੰ ਕੋਈ ਲੋੜ ਹੁੰਦੀ ਹੈ ਤਾਂ ਪੰਜਾਬੀਆਂ ਨੂੰ ਵਰਤਿਆ ਜਾਂਦਾ ਹੈ ਤੇ ਅਸੀਂ ਵਰਤੇ ਵੀ ਜਾਂਦੇ ਹਾਂ । ਉਹ ਇਸ ਕਰਕੇ ਕਿ ਅਸੀਂ ਬਾਣੀਆਂ ਸੋਚ ਵਾਲੇ ਨਹੀਂ ਸਗੋਂ ਘਰ ਫੂਕ ਤਮਾਸ਼ਾ ਦੇਖਣ ਵਾਲੇ ਹਾਂ। ਸੇਵਾਵਾਂ ਦੇ ਨਾਮ ਹੇਠ ਸੇਵਾਦਾਰ। ਸਾਡੇ ਕਾਰ ਸੇਵਾ ਵਾਲੇ ਬਾਬਿਆਂ ਨੇ ਸਾਡੇ ਇਤਿਹਾਸਕ ਵਿਰਸੇ ਤੇ ਵਿਰਾਸਤ ਨੂੰ ਤਬਾਹ ਕਰ ਦਿੱਤਾ ਹੈ। ਅਸੀਂ ਉਨ੍ਹਾਂ ਨੂੰ ਪੁੱਛਿਆ ਨਹੀਂ ਕਿ ਤੁਸੀਂ ਵਿਰਸਾ ਕਿਉਂ ਤਬਾਹ ਕਰ ਰਹੇ ਹੋ ਸਗੋਂ ਉਹਨਾਂ ਅਨਾਜ ਤੇ ਨਕਦੀ ਭੇਟਾ ਕਰਦੇ ਰਹੇ। ਸ਼ਾਬਸ਼ੇ ਪੰਜਾਬੀਓ ਤੁਸੀਂ ਆਪਣੇ ਹੱਥੀਂ ਸਭ ਕਰਵਾਇਆ ਹੈ ਤੇ ਕਰਵਾ ਰਹੇ ਹਾਂ। ਸਿਆਣੇ ਆਖਦੇ ਹਨ " ਚੋਰ, ਕੁੱਤੇ, ਟੱਬਰ ਤੇ ਚੌਕੀਦਾਰ " ਰਲੇ ਹਨ। ਪੰਜਾਬ ਦੇ ਵਿੱਚ ਲਗਾਤਾਰ ਤਜਰਬੇ ਕੀਤੇ ਜਾ ਰਹੇ ਹਨ, ਜਿਵੇਂ ਡਾਕਟਰ ਮਰੀਜ਼ ਦਾ ਤਾਪਮਾਨ ਤੇ ਬੀਪੀ ਚੈੱਕ ਕਰਦਾ ਹੈ, ਇਸੇ ਤਰ੍ਹਾਂ ਦਾ ਢੰਗ ਤਰੀਕੇ ਪੰਜਾਬ ਵਿਰੋਧੀ ਸ਼ਕਤੀਆਂ ਲਗਾਤਾਰ ਵਰਤ ਰਹੀਆਂ ਹਨ। ਪੰਜਾਬ ਦੇ ਵਿੱਚ ਕਦੇ ਧਰਮ ਦੇ ਨਾਂ ਹੇਠ ਖੇਡ ਖੇਡੀ ਜਾਂਦੀ ਹੈ ਤੇ ਕਦੇ ਸੱਭਿਆਚਾਰ ਦੇ ਨਾਂਅ ਉੱਤੇ। ਉਸ ਖੇਡ ਵਿੱਚ ਵਪਾਰੀ ਵਰਗ ਕਮਾਈ ਕਰ ਜਾਂਦਾ ਹੈ ਤੇ ਅਸੀਂ ਵਹਿਮਾਂ ਭਰਮਾਂ ਵਿੱਚ ਉਸ ਵਿੱਚ ਫਸ ਕੇ ਰਹਿ ਜਾਂਦੇ ਹਾਂ। ਇੱਕ ਰੱਖੜੀਆਂ ਵੇਲੇ ਅਫਵਾਹ ਉਠੀ ਕਿ ਨਾਨੀ ਦੋਹਤੇ ਨੂੰ ਗਲਾਸ ਨਾਲ ਦੁੱਧ ਪਿਆਉਣ ਤੇ ਉਸਨੂੰ ਤੌਲੀਆ ਭੇਟ ਕਰਨ। ਉਸ ਵੇਲੇ ਕਰੋੜਾਂ ਰੁਪਏ ਦੇ ਤੌਲੀਏ ਤੇ ਗਿਲਾਸ ਵਿਕੇ, ਕਿਸੇ ਨੂੰ ਹੁਣ ਯਾਦ ਵੀ ਨਹੀਂ ਹੋਣਾ। ਪੰਜਾਬ ਨੂੰ ਬਲਦੀ ਦੇ ਬੂਥੇ ਧੱਕਣ ਲਈ ਏਜੰਸੀਆਂ ਲਗਾਤਾਰ ਇਥੇ ਨਵੀਂ ਰਣਨੀਤੀ ਅਪਣਾਉਣੀਆਂ ਹਨ। ਹੁਣ ਉਹਨਾਂ ਨੇ ਡਾਕਟਰ ਭੀਮ ਰਾਓ ਅੰਬੇਦਕਰ ਦੀ ਮੂਰਤੀ ਨੂੰ ਖੰਡਤ ਕਰਵਾ ਕੇ ਦਲਿਤ ਭਾਈਚਾਰੇ ਦੇ ਲੋਕਾਂ ਅੰਦਰ ਹਲਚਲ ਪੈਦਾ ਕਰ ਦਿੱਤੀ। ਅਸਲ ਵਿੱਚ ਏਜੰਸੀਆਂ ਪੰਜਾਬ ਦੇ ਵਿੱਚ ਦੰਗੇ ਫ਼ਸਾਦ ਭੜਕਾਉਣ ਦੇ ਯਤਨ ਕਰ ਰਹੀਆਂ ਹਨ। ਉਹਨਾਂ ਨੇ ਉਹ ਨੌਜਵਾਨ ਰਾਹੀ ਪਹਿਲਾਂ ਸੰਵਿਧਾਨ ਨੂੰ ਅੱਗ ਲਵਾਈ ਫੇਰ ਬਾਬਾ ਸਾਹਿਬ ਜੀ ਦੀ ਮੂਰਤੀ ਨੂੰ ਖੰਡਤ ਕਰਵਾਇਆ। ਉਹਨਾਂ ਨੇ ਉਹ ਦਿਨ ਚੁਣਿਆ ਜਿਸ ਦਿਨ ਭਾਰਤ ਵਿੱਚ ਸੰਵਿਧਾਨ ਲਾਗੂ ਕੀਤਾ ਗਿਆ। ਸ਼ਹਿਰ ਅੰਮ੍ਰਿਤਸਰ ਸਾਹਿਬ ਵਿਖੇ ਉਹ ਇਲਾਕਾ ਜਿਥੇ ਚੌਵੀ ਘੰਟੇ ਲੋਕਾਂ ਦੀ ਭੀੜ ਰਹਿੰਦੀ ਹੈ। ਪੰਜਾਬ ਦੇ ਲੋਕਾਂ ਨੂੰ ਸਮਝ ਆਉਂਦੀ ਹੈ ਕਿ ਸੰਵਿਧਾਨ ਦੇ ਵਿਰੋਧੀ ਕੌਣ ਹਨ, ਇਸ ਘਟਨਾ ਦੇ ਪਿੱਛੇ ਕੌਣ ਹੈ? ਕਿਉਂਕਿ ਦੇਸ਼ ਵਿੱਚ ਬਾਬਾ ਸਾਹਿਬ ਅੰਬੇਡਕਰ ਦੇ ਸੰਵਿਧਾਨ ਨੂੰ ਬਦਲਣ ਲਈ ਭਾਜਪਾ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ। ਦੇਸ਼ ਵਿੱਚ ਉਹ ਮਨੂ ਸਿਮ੍ਰਤੀ ਨੂੰ ਲਾਗੂ ਕਰਨ ਦੀ ਕੋਸ਼ਿਸ਼ ਵਿੱਚ ਹੈ। ਹੁਣ ਤੱਕ ਉਹਨਾਂ ਨੇ ਬਹੁਤ ਸਾਰੇ ਕਲਾਜ ਮਨੂ ਸਿਮ੍ਰਤੀ ਦੇ ਕਾਨੂੰਨ ਦੀ ਓਹਲੇ ਵਿੱਚ ਲਾਗੂ ਕਰ ਦਿੱਤੇ ਹਨ। ਉਹਨਾਂ ਵਲੋਂ ਪੰਜਾਬ ਨੂੰ ਉਜਾੜਨ ਲਈ ਤੇ ਇਥੇ ਦੰਗੇ ਫ਼ਸਾਦ ਭੜਕਾਉਣ ਲਈ ਹਮੇਸ਼ਾਂ ਕੋਸ਼ਿਸ਼ ਕੀਤੀ ਹੈ। ਪਰ ਪੰਜਾਬ ਦੇ ਵਿੱਚ ਸਦਭਾਵਨਾ ਤੇ ਭਾਈਚਾਰਕ ਸਾਂਝ ਨੇ ਉਹਨਾਂ ਦੀਆਂ ਭਾਵਨਾਵਾਂ ਨੂੰ ਬੂਰ ਨਹੀਂ ਪੈਣ ਦਿੱਤਾ। ਪੰਜਾਬ ਦੇ ਲੋਕਾਂ ਨੂੰ ਸਮਝ ਆਉਣੀ ਚਾਹੀਦੀ ਹੈ ਕਿ ਉਹਨਾਂ ਘੱਟ ਗਿਣਤੀ ਭਾਈਚਾਰੇ ਨੂੰ ਆਪਸ ਵਿੱਚ ਲੜਾਉਣ ਲਈ ਇਹ ਖੇਡ ਖੇਡੀ ਗਈ ਹੈ। ਛੱਬੀ ਜਨਵਰੀ ਵਾਲੇ ਦਿਨ ਉਸ ਥਾਂ ਉਪਰ ਐਨੀ ਵੱਡੀ ਪੌੜੀ ਦਾ ਪੁਜਣਾ ਕਈ ਤਰ੍ਹਾਂ ਦੇ ਸਵਾਲ ਖੜੇ ਕਰਦਾ ਹੈ। ਉਹ ਨੌਜਵਾਨ ਇਕੱਲਾ ਨਹੀਂ ਉਸ ਦੇ ਪਿੱਛੇ ਪੰਜਾਬ ਵਿਰੋਧੀ ਤਾਕਤਾਂ ਸਰਗਰਮ ਹਨ। ਜਿਹਨਾਂ ਦਾ ਪਰਦਾਫਾਸ਼ ਕਰਨ ਦੀ ਲੋੜ ਹੈ। ਪੰਜਾਬ ਦੇ ਵਿੱਚੋਂ ਜੱਟ ਬਰਾਦਰੀ ਤਾਂ ਜ਼ਮੀਨਾਂ ਵੇਚ ਕੇ ਵਿਦੇਸ਼ ਪੁੱਜ ਗਈ ਤੇ ਕਿਰਤੀ ਵਰਗ ਪੰਜਾਬ ਵਿੱਚ ਵਸਦਾ ਹੈ, ਹੁਣ ਇਹਨਾਂ ਨੂੰ ਆਪਸ ਵਿੱਚ ਲੜਾਉਣ ਲਈ ਨਵੇਂ ਨਵੇਂ ਤਜਰਬੇ ਕੀਤੇ ਜਾ ਰਹੇ ਹਨ। ਪਹਿਲਾਂ ਲੁਧਿਆਣੇ ਦੇ ਵਿੱਚ ਕਾਲੇ ਪਾਣੀਆਂ ਦੇ ਮਸਲੇ ਵੇਲੇ ਸਿੱਖ ਬਨਾਮ ਭਈਏ ਦਾ ਮਸਲਾ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਵੇਲੇ ਜ਼ਿਲ੍ਹਾ ਪ੍ਰਸ਼ਾਸਨ ਇੱਕ ਧਿਰ ਨਾਲ ਖੜ੍ਹਾ ਤੇ ਦੂਜੀ ਧਿਰ ਦੇ ਵਿਰੁੱਧ ਨਜ਼ਰ ਆਉਂਦਾ ਸੀ। ਉਸ ਵੇਲੇ ਦੰਗਾ ਫ਼ਸਾਦ ਹੋਣ ਤੋਂ ਬਚਾਅ ਹੋ ਗਿਆ ਸੀ। ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਜੋਂ ਸਭ ਪੰਜਾਬ ਦੇ ਪੁੱਤ ਹਨ। ਉਹਨਾਂ ਦੀ ਚਾਬੀ ਕਿਸੇ ਹੋਰ ਦੇ ਹੱਥ ਹੈ। ਉਹਨਾਂ ਹੱਥਾਂ ਨੂੰ ਪਛਾਣਨ ਦੀ ਲੋੜ ਹੈ। ਜਿਹੜੇ ਪੰਜਾਬ ਨੂੰ ਉਜਾੜਨ ਦੇ ਰਾਹ ਤੁਰੇ ਹਨ।



ਜਿਸ ਤਰ੍ਹਾਂ ਪੰਜਾਬ ਨੂੰ ਆਰਥਿਕ, ਸਮਾਜਿਕ, ਧਾਰਮਿਕ, ਰਾਜਨੀਤਕ ਤੇ ਵਾਤਾਵਰਨ ਪੱਖੋਂ ਉਜਾੜਿਆ ਗਿਆ ਹੈ, ਇਸ ਦੇ ਪੰਜਾਬ ਵਿਰੋਧੀ ਸ਼ਕਤੀਆਂ ਦੇ ਨਾਲ ਕਿਵੇਂ ਪੰਜਾਬ ਦੇ ਗਦਾਰਾਂ ਨੇ ਗਦਾਰੀਆਂ ਕੀਤੀਆਂ ਤੇ ਕਰ ਰਹੇ ਹਨ, ਉਹਨਾਂ ਨੂੰ ਚੁਰਾਹੇ ਨੰਗਾ ਕਰਨ ਦੀ ਲੋੜ ਹੈ। ਪੰਜਾਬ ਦੇ ਦਲਿਤ ਭਾਈਚਾਰੇ ਨੂੰ ਇਸ ਸਮੇਂ ਫੂਕ ਫੂਕ ਕੇ ਕਦਮ ਚੁਕਣ ਦੀ ਲੋੜ ਹੈ ਕਿ ਦੁਸ਼ਮਣ ਬਹੁਤ ਸ਼ਾਤਰ ਦਿਮਾਗ ਦਾ ਖਿਡਾਰੀ ਹੈ। ਭਾਈਚਾਰਕ ਸਾਂਝ ਬਣਾਈ ਰੱਖਣੀ ਤੇ ਦੁਸ਼ਮਣ ਤਾਕਤਾਂ ਤੋਂ ਬਚਣ ਦੀ ਲੋੜ ਹੈ। ਪੰਜਾਬ ਨੂੰ ਇੱਕ ਬਾਰ ਫਿਰ ਬਲਦੀ ਦੇ ਬੂਥੇ ਧੱਕਣ ਲਈ ਏਜੰਸੀਆਂ ਕੋਸ਼ਿਸ਼ ਕਰ ਰਹੀਆਂ ਹਨ। ਪੰਜਾਬ ਪ੍ਰਯੋਗਸ਼ਾਲਾ ਨਹੀਂ, ਇਹ ਹੁਣ ਸੁਚੇਤ ਲੋਕ ਉਨ੍ਹਾਂ ਸ਼ਕਤੀਆਂ ਨੂੰ ਵੰਗਾਰਨ ਵਾਲੇ ਹਨ। ਅਤੀਤ ਦੇ ਪੰਨੇ:- ਪਿਛਲੇ ਸਮਿਆਂ ਵਿੱਚ ਮਰਨ ਵਾਲੀਆਂ ਕੌਮਾਂ ਤੇ ਸ਼ਹੀਦੀਆਂ ਦੇਣ ਵਾਲੇ, ਜਦ ਕਦੇ ਹੱਕ ਮੰਗਦੀਆਂ ਹਨ ਤਾਂ ਅਸੀਂ ਗਦਾਰ,ਅੱਤਵਾਦੀ ਤੇ ਖਾਲਸਿਤਾਨੀ। ਦੇਸ਼ ਧ੍ਰੋਈ ਤੇ ਨਸਲਬਾਜ਼ੀ ,ਅੱਤਵਾਦੀ ਤੇ ਖਾਲਿਸਤਾਨੀ ਬਣਾਇਆ ਜਾਂਦਾ ਹੈ। ਦੁਨੀਆਂ ਦਾ ਕਿਹੜਾ ਲਕਬ ਹੈ, ਜੋ ਸਾਡੇ ਮੱਥੇ ਨਹੀਂ ਖੁਣਿਆ ਗਿਆ ਪਰ ਸਾਨੂੰ ਅਕਲ ਨਹੀਂ ਆਈ। ਅਸੀਂ ਨਿੱਜੀ ਮੁਫਾਦ ਲਈ ਆਪਣਿਆਂ ਦੇ ਕਾਤਲ ਬਣ ਜਾਂਦੇ ਰਹੇ। ਜ਼ਮੀਨ ਬੰਨ੍ਹਿਆ ਦੇ ਲਈ ਆਪਣੇ ਹੀ ਭਰਾਵਾਂ ਤੇ ਮਾਪਿਆਂ ਕਤਲ ਕਰ ਦੇਦੇ ਹਾਂ। ਬੇਗਾਨਿਆਂ ਦੇ ਨਹੀਂ ਸਗੋਂ ਆਪਣੇ ਸਕਿਆ ਭਰਾਵਾਂ ਦੇ। ਭੱਜੀਆਂ ਬਾਹਾਂ ਗਲ ਨੂੰ ਆਉਂਦੀਆਂ ਕਹਿ ਕੇ ਭੁੱਲ ਜਾਂਦੇ ਹਾਂ। ਅਸੀਂ ਜਨਮ ਦਿਨ ਤੇ ਮੌਤ ਦਾ ਜਸ਼ਨ ਮਨਾਉਂਦੇ ਹਾਂ ਤਾਂ ਹੀ ਵੱਖਰੇ ਹਾਂ । ਜੇ ਜਨਮ ਦਿਨ ਤੇ ਲੋਹੜੀ ਮਨਾਉਂਦੇ ਹਾਂ ਤੇ ਮਰਨ ਤੇ ਆਲ੍ਹਣੀਆਂ ਵੀ ਗਾਉਂਦੇ ਹਾਂ । ਸਾਡੇ ਅੰਦਰ ਮੁਹੱਬਤ ਦਾ ਸਮੁੰਦਰ ਹੈ ਤੇ ਦਰਦ ਝੱਲਣ ਯੋਗੀ ਧਰਤੀ ਤੇ ਸਬਰ ਅਸਮਾਨ ਜਿੱਡਾ ਹੈ। ਅਸੀਂ ਅੰਬਰ ਵੀ ਬਣਦੇ ਹਾਂ ਤੇ ਧਰਤੀ । ਸੂਰਜ ਬਣ ਰੌਸ਼ਨੀ ਵੰਡਣ ਦੀ ਤਾਕਤ ਵੀ ਰੱਖਦੇ ਹਾਂ ਤੇ ਧਰਤੀ ਬਣ ਸਾਹਿਬ ਦੀ ਚਾਕਰੀ ਵੀ ਕਰਦੇ ਹਾਂ। ਅਸੀਂ ਸੂਰਜ ਦੁਆਲੇ ਪ੍ਰਕਰਮਾ ਕਰਦੇ ਹਾਂ । ਚੜ੍ਹਦੇ ਸੂਰਜ ਨੂੰ ਸਲਾਮ ਕਰਦੇ ਹਾਂ। ਸਾਡੀ ਲਾਲਸਾ ਨੇ ਪੰਜਾਬ ਦਾ ਪੌਣ-ਪਾਣੀ ਤੇ ਧਰਤੀ ਨੂੰ ਦੂਸ਼ਿਤ ਕਰ ਦਿੱਤਾ ਹੈ, ਜਿਸ ਕਾਰਨ ਹੁਣ ਪੰਜਾਬ ਦੇ ਹਸਪਤਾਲਾਂ ਤੇ ਸਮਸ਼ਾਨ ਘਾਟਾਂ 'ਤੇ ਸੋਗ ਦੇ ਮੇਲੇ ਲੱਗਦੇ ਹਨ। ਸਾਡੇ ਪੁਰਾਤਨ ਮੇਲੇ ਤਾਂ ਨੈਟ ਨੇ ਖਤਮ ਕਰ ਦਿੱਤੇ ਹਨ। ਸਰਕਾਰੀ ਹਸਪਤਾਲ ਖੁਦ ਬੀਮਾਰ ਹਨ ਤੇ ਸਾਧਾਂ ਦੇ ਡੇਰੇ ਖੁੰਬਾਂ ਵਾਂਗ ਉਗ ਰਹੇ ਹਨ। ਲੋਕ ਆਪਣੀਆਂ ਬੀਮਾਰੀਆਂ ਦਾ ਇਲਾਜ ਕਰਵਾਉਣ ਦੇ ਲਈ ਡੇਰਿਆਂ ਵੱਲ ਵਹੀਰਾਂ ਘੱਤੀ ਜਾ ਰਹੇ ਹਨ। ਇਹ ਡੇਰੇ ਲੋਕਾਂ ਦਾ ਆਰਥਿਕ ਤੇ ਸਰੀਰਿਕ ਸੋਸ਼ਣ ਕਰਦੇ ਹਨ। ਸਿਆਸੀ ਪਾਰਟੀਆਂ, ਸਰਕਾਰ ਦੇ ਮੰਤਰੀ ਤੇ ਸੰਤਰੀ ਸ਼ਰੀਕੇਬਾਜ਼ੀ 'ਚ ਉਲਝੇ ਹਨ। ਸੁਚੇਤ ਲੋਕ ਸੜਕਾਂ ਤੇ ਹਨ ਉਝ ਬਹੁਗਿਣਤੀ ਪਾਸਪੋਰਟ ਬਣਾਉਣ ਲੱਗੇ ਹਨ। ਦਲਾਲ ਦਾ ਕਿੱਤਾ ਬੜਾ ਮਾੜਾ ਗਿਣਿਆ ਜਾਂਦਾ ਹੈ, ਪਰ ਹੁਣ ਇਸ ਕਿੱਤੇ ਵਿਚ ਉਹ ਸਿਆਸੀ ਲੋਕ ਤੇ ਕੁੱਝ ਕੁ ਵਿਦਵਾਨ ਵੀ ਸ਼ਾਮਲ ਹੋ ਗਏ ਹਨ, ਜਿਨ੍ਹਾਂ ਦਾ ਕੰਮ ਤਾਂ ਸੀ, ਚਾਨਣਾ ਵੰਡਣਾ ਸੀ ਪਰ ਉਹ ਚਾਨਣ ਵੰਡਦੇ-ਵੰਡਦੇ ਹਨੇਰ ਵੰਡਣ ਲੱਗ ਪਏ ਹਨ । ਪੰਜਾਬੀ ਸਾਹਿਤ ਔਰਤ ਦੇ ਦੇਹ ਦੀ ਪ੍ਰਕਰਮਾਂ ਕਰੀ ਜਾ ਰਿਹਾ ਹੈ। ਸਾਹਿਤ ਦੇ ਨਾਮ ਹੇਠਾਂ ਪਤਾ ਨਹੀਂ ਕੀ ਛਪੀ ਜਾ ਰਿਹਾ ਹੈ। ਪਤਾ ਨਹੀਂ ਲੱਗਦਾ। ਪੰਜਾਬ ਦੀ ਜੁਆਨੀ ਵਿਦੇਸ਼ਾਂ ਵਿੱਚ ਮਜ਼ਦੂਰ ਬਣ ਰਹੀ ਹੈ। ਪੰਜਾਬ ਨੂੰ ਬੀਮਾਰ ਕਰਨ ਵਾਲੇ ਵਿਗਿਆਨੀ ਸਭ ਵਿਦੇਸ਼ਾਂ ਨੂੰ ਉਡ ਗਏ ਪਰ ਉਨ੍ਹਾਂ ਨੇ ਸਾਰਾ ਪੰਜਾਬ ਬੀਮਾਰ ਕਰ ਦਿੱਤਾ । ਇਸ ਡਰ ਦੇ ਮਾਰੇ ਕਈ ਮਾਹਿਰ ਠੰਢੇ ਮੁਲਕਾਂ ਵੱਲ ਉਡਾਰੀਆਂ ਮਾਰਨ ਲਈ ਪਰ ਤੋਲ ਰਹੇ ਹਨ। ਕਈ ਤਾਂ ਉਡਾਰੀ ਮਾਰ ਵੀ ਗਏ ਹਨ। ਉਨਾਂ ਨੂੰ ਪਾਲਾ ਵੱਢ-ਵੱਢ ਖਾ ਰਿਹਾ ਹੈ। ਕਿਤੇ ਉਹ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੀ ਨਾ ਹੀ ਹੋ ਜਾਣ। ਪੰਜਾਬ ਹੁਣ ਆਪ ਹੀ ਕਤਲਗਾਹ ਬਣ ਗਿਆ ਹੈ। ਪੰਜਾਬ ਦੇ ਆਮ ਲੋਕ ਇਸ ਹਰੇ ਇਨਕਲਾਬ ਦੇ ਪੱਟੇ ਆਪਣੀ ਮੌਤ ਮਰਨ ਦੇ ਲਈ ਮਜਬੂਰ ਹੋ ਗਏ ਹਨ। ਭਾਵੇ ਇਸ ਦੇ ਆਮ ਲੋਕਾਂ ਦਾ ਓਨਾਂ ਕਸੂਰ ਨਹੀਂ ਸੀ ਪਰ ਜਿਹਨਾਂ ਨੂੰ ਇਸ ਦਾ ਪਤਾ ਸੀ ਕਿ ਇਹਨਾਂ ਖੇਤੀਬਾੜੀ ਦੇ ਇਨਕਲਾਬਾਂ ਨੇ ਭਵਿੱਖ ਦੇ ਵਿਚ ਕੀ ਚੰਦ ਚਾੜਨੇ ਹਨ ? ਉਹ ਤਾਂ ਮੋਟੀਆਂ ਕਮਾਈਆਂ ਕਰਕੇ ਵਿਦੇਸ਼ਾਂ ਨੂੰ ਉਡਾਰੀਆਂ ਮਾਰ ਗਏ ਹਨ। ਕਿਸਾਨ ਤੇ ਮਜ਼ਦੂਰ ਹੁਣ ਖੁਦਕੁਸ਼ੀਆਂ ਦੇ ਰਸਤੇ ਤੁਰਿਆ ਹੋਇਆ ਹੈ। ਆਮ ਲੋਕ ਵੱਖ-ਵੱਖ ਤਰ੍ਹਾਂ ਦੀਆਂ ਜਾਨ-ਲੇਵਾ ਬੀਮਾਰੀਆਂ ਦੇ ਨਾਲ ਇਲਾਜ-ਖੁਣੋਂ ਮਰਨ ਲਈ ਘਰਾਂ ਦੇ ਵਿਚ ਮਜਬੂਰ ਹਨ। ਇਹਨਾਂ ਬੀਜੇ ਕੰਡਿਆਂ ਨੂੰ ਦਾ ਖਮਿਆਜਾ ਤਾਂ ਆਮ ਲੋਕ ਭੁਗਤ ਰਹੇ ਹਨ ਪਰ ਅਜੇ ਤੱਕ ਲੋਕਾਂ ਨੂੰ ਸਮਝ ਨਹੀਂ ਆਈ ਕਿ ਉਹਨਾਂ ਦੇ ਆਪਣੇ ਹੀ ਉਹਨਾ ਦਾ ਗਲਾ ਘੁੱਟ ਗਏ ਹਨ। ਹੁਣ ਇਸ ਦੀ ਜ਼ੁੰਮੇਵਾਰੀ ਕੋਈ ਵੀ ਆਪਣੇ ਸਿਰ ਲੈਣ ਲਈ ਤਿਆਰ ਨਹੀਂ। ਹੁਣ ਕੀ ਕਰੀਏ ? ਕਿੰਨੇ ਕੁ ਸੋਚਦੇ ਹਨ ?

ਹੁਣ ਜੱਟ ਜਿੰਮੀਦਾਰ ਤੇ ਵਪਾਰੀ ਖੇਤਾਂ ਵਿੱਚ ਫਸਲਾਂ ਨਹੀਂ, ਫਿਕਰ ਦੀਆਂ ਕਲੋਨੀਆਂ ਕੱਟਕੇ ਵੇਚ ਰਹੇ ਹਨ। ਹਰ ਭਾਰਤੀ ਪੰਜਾਬ ਵੱਲ ਤੁਰਿਆ ਹੋਇਆ ਹੈ। ਗੱਡੀਆਂ ਭਰ ਭਰ ਆ ਰਹੀਆਂ ਹਨ ਤੇ ਪੰਜਾਬੀਆਂ ਦੇ ਜਹਾਜ਼ ਭਰ ਭਰ ਵਿਦੇਸ਼ਾਂ ਨੂੰ ਜਾ ਰਹੇ ਹਨ। ਹੁਣ ਵਿਦੇਸ਼ਾਂ ਤੋਂ ਵਾਪਸ ਆਉਣ ਦੇ ਵੀ ਬੱਦਲ ਮੰਡਰਾਉਂਦੇ ਫਿਰ ਰਹੇ ਹਨ।

ਧਰਤੀ ਹੇਠਲੇ ਪਾਣੀਆਂ ਤੋਂ ਅੰਬਰ ਤੱਕ ਮਹੌਲ ਗਰਮ ਹੈ ਪਰ ਧਰਤੀ ਉਤੇ ਲੋਕਾਂ ਦਾ ਹੁਣ ਸੁਭਾਅ ਬਹੁਤ ਨਰਮ ਹੈ। ਪਾਣੀ ਖਤਮ ਕਿਨਾਰੇ ਹੋ ਗਿਆ ਹੈ।



ਬੁੱਧ ਸਿੰਘ ਨੀਲੋਂ
94643 70823

ਮੱਧ ਵਰਗ ਦੀਆਂ ਚਾਰੇ ਪਾਸੇ ਮੌਜਾਂ ਨੇ ਧੀਆਂ ਪੁਤ ਸੈਂਟ ਨੇ ਤੇ ਬਾਹਰ ਨੇ.ਵੱਡੀ ਕੋਠੀ ਤੇ ਵੱਡੀ ਕਾਰ ਹੈ। ਕੋਠੀ ਹੁਣ ਘਰ ਨਹੀਂ ਲੱਗਦੀ ਬਜ਼ਾਰ ਹੈ। ਹੁਣ ਕਦੇ ਪੰਜਾਬ ਗੇੜਾ ਮਾਰੀਦਾ ਹੈ। ਨਹੀਂ ਤੇ ਫੋਨ ਕਰਕੇ ਸਾਰੀ ਦਾ ਹੈ ।ਮੰਨਿਆਂ ਕਿ ਹਰੇ ਇਨਕਲਾਬ ਨੇ ਬਹੁਤ ਤਰੱਕੀ ਕੀਤੀ ਹੈ. ਪੈਨਸ਼ਨ ਤੇ ਮੰਹਿਗਾਈ ਭੱਤੇ ਬਹੁਤ ਨੇ।

ਪਰ ਕੀ ਖੱਟਿਆ ਹੈ? ਕੋਠੀ, ਕਾਰ ਤੇ ਨਾਰ, ਮਨੁੱਖਤਾ ਦਾ ਵਪਾਰ ? ਕਦੇ ਚਿੱਟਿਆਂ ਦੀ ਕਦੇ ਨੀਲਿਆਂ ਦੀ ਸਰਕਾਰ । ਸਿਆਸਤ ਬਣੀ ਵਪਾਰ ਪੰਜਾਬ ਨੇ ਛੱਡੀ ਤਲਵਾਰ, ਲੁੱਟਮਾਰ ਵਧੀਆ ਕਾਰੋਬਾਰ ।

ਪੰਜਾਬ ਸਰਕਾਰ ਦੇ ਕਰਨ ਵਾਲੇ ਕੰਮ ਇਹ ਸਨ ਪਰ ਉਹਨਾਂ ਨੇ ਕੀਤੇ ਨਹੀਂ। ਕਦੇ ਕਿਸੇ ਨੇ ਸਰਕਾਰ ਨੂੰ ਕਿਹਾ ਕਿ ਤੁਸੀਂ ਮਤਾ ਪਾਓ ਕੋਈ ਗੈਰ ਪੰਜਾਬੀ ਪੰਜਾਬ ਦੇ ਵਿੱਚ ਜ਼ਮੀਨ ਨਹੀਂ ਖਰੀਦ ਸਕਦਾ। ਜਿਵੇਂ ਕੋਈ ਪੰਜਾਬੀ ਹੋਰਨਾਂ ਰਾਜਾਂ ਵਿੱਚ ਜ਼ਮੀਨ ਨਹੀਂ ਖਰੀਦ ਸਕਦਾ ਪਰ ਪੰਜਾਬੀਆਂ ਨੇ ਆਪਣੀਆਂ ਜ਼ਮੀਨਾਂ ਤੇ ਜਮੀਰਾਂ ਵੇਚ ਦਿੱਤੀਆਂ। ਪਲਾਟ ਨੌਜਵਾਨ ਮੁੰਡੇ ਕੁੜੀਆਂ ਵੇਚਣ ਵਿੱਚ ਬਹੁਤ ਫਾਇਦਾ ਹੈ। ਪੰਜਾਬ ਦੇ ਵੱਡਿਆਂ ਨੇ ਜਾਗੀਰਦਾਰਾਂ ਨੇ ਪੰਜਾਬ ਨੂੰ ਕਤਲਗਾਹ ਬਣਾਇਆ ਹੈ। ਹੁਣ ਪੰਜਾਬੀ ਮਰ ਰਹੇ ਹਨ ਤੇ ਬੇਗਾਨੇ ਚਰ ਰਹੇ ਹਨ। ਪੰਜਾਬੀਆਂ ਦੇ ਅੰਦਰੋਂ ਮਰ ਗਿਆ ਹੈ, ਗਦਰੀ ਬਾਬਿਆਂ ਦਾ ਲਹੂ। ਸੰਭਲ ਜਾਵੋ ਪੰਜਾਬੀਓ । ਨਾ ਬਣਾਓ ਪੰਜਾਬ ਨੂੰ ਕਤਲਗਾਹ । ਜੋ ਹੁਣ ਤੱਕ ਬਣਿਆ ਰਿਹਾ ਹੈ। ਸੰਭਲੋ ਪੰਜਾਬੀਓ ਹੁਣ ਪੰਜਾਬ ਵਿਰੋਧੀ ਤਾਕਤਾਂ ਸਰਗਰਮ ਹਨ।

# ਆਪਣੀ ਹਾਰ ਨੂੰ ਨਾ ਸਵਿਕਾਰਨ ਵਾਲਿਆਂ ਲਈ ਇਕ ਕਹਾਣੀ !

ਕਿਹਾ ਜਾਂਦਾ ਹੈ ਕਿ ਦੁਨੀਆਂ ਦੇ ਪ੍ਰਸਿੱਧ ਐਕਟਰ ਚਾਰਲੀ ਚੈਪਲਿਨ ਜੋ ਕਿ ਬਿਨਾਂ ਕਿਸੇ ਆਵਾਜ ਤੇ ਐਕਟਰਾਂ ਦੇ ਆਪਣੀਆ ਫਿਲਮਾਂ ਲਈ ਮਸ਼ਹੂਰ ਸੀ,ਤੇ ਉਸਨੂੰ ਇਸ ਕੰਮ ਲਈ ਆਸਕਰ ਵੀ ਮਿਲਿਆ ਹੈ ਪਰ ਇਕ ਵਾਰ ਚਾਰਲੀ ਦੀ ਪ੍ਰਸਿੱਧੀ ਤੋਂ ਖੁਸ਼ ਹੋ ਇਕ ਫੈਂਸੀ ਡਰੈੱਸ ਕਾਂਪੀਟੀਸ਼ਨ ਰੱਖਿਆ ਗਿਆ ਜਿਸ ਚ ਸਾਰਿਆਂ ਨੂੰ ਚਾਰਲੀ ਵਰਗੇ ਬਣਕੇ ਆਉਣ ਲਈ ਕਿਹਾ ਗਿਆ ਪਰ ਉਸ ਚ ਚਾਰਲੀ ਨੇ ਵੀ ਉਸ ਮੁਕਾਬਲੇ ਚ ਹਿੱਸਾ ਲਿਆ ਪਰ ਚਾਰਲੀ ਨੇ ਉਸ ਚ ਆਪਣਾ ਨਾਮ ਤੇ ਪਤਾ ਹੋਰ ਲਿਖਵਾਇਆ।

ਚਾਰਲੀ ਨੂੰ ਮਾਣ ਸੀ ਕਿ ਉਹ ਇਸ ਮੁਕਾਬਲੇ 'ਚ ਜਿੱਤ ਜਾਵੇਗਾ ਪਰ ਇਕ ਨੌਜਵਾਨ ਜੋ ਉਸ ਮੁਕਾਬਲੇ ਚ ਚਾਰਲੀ ਨਾਲੋ ਵਧੀਆ ਐਕਟਿੰਗ ਕਰਨ ਕਰਕੇ ਪਹਿਲੇ ਨੰਬਰ ਤੇ ਆਇਆ।



ਚਾਰਲੀ ਆਪਣੀ ਇਸ ਹਾਰ ਤੋਂ ਪਰੇਸ਼ਾਨ ਵੀ ਹੋਇਆ ਪਰ ਉਸਨੇ ਮਹਿਸੂਸ ਕੀਤਾ ਕਿ ਉਸਨੇ ਉਹ ਮੁਕਾਬਲਾ ਬਿਨਾਂ ਪਰੈਕਟਿਸ ਕੀਤੇ ਤੋਂ ਕੀਤਾ ਸੀ ਕਿਉਂਕਿ ਉਸਨੂੰ ਮਾਣ ਸੀ ਕਿ ਉਹ ਉਸਤੋਂ ਵਧੀਆ ਤੇ ਕੋਈ ਨਹੀਂ ਹੈ, ਪਰ ਅਸਲ ਵਿਚ ਅਜਿਹਾ ਬਿਲਕੁਲ ਨਹੀਂ ਹੁੰਦਾ।
ਚਾਰਲੀ ਨੇ ਕਿਹਾ ਸੀ ਕਿ ਕਦੇ ਵੀ ਅਧਿਐਨ ਕਰਨਾ ਨਾ ਛੱਡੋ, ਨਹੀਂ ਤੇ ਤੁਹਾਡਾ ਤੁਹਾਡੇ ਤੇ ਕੀਤਾ ਮਾਣ ਤੇ ਹੌਂਸਲਾ ਹੀ ਤਹਾਨੂੰ ਡੋਬ ਦੇਵੇਗਾ, ਤੁਹਾਡਾ ਗਿਆਨ ਤੁਹਾਡੇ ਜਿੰਦਗੀ ਦੇ ਤਜਰਬੇ ਦੇ ਨਾਲ ਨਾਲ ਬਦਲਦਾ ਹੀ ਰਹਿਣਾ ਚਾਹੀਦਾ ਹੈ ਤੇ ਹੋ ਸਕਦਾ ਹੈ ਕਲ ਨੂੰ ਕੋਈ ਤੁਹਾਡੇ ਤੋਂ ਵੀ ਵਧੀਆ ਬਣੇ ਤੇ ਤੁਸੀਂ ਆਸ ਕਰਿਆ ਕਰੋ ਕਿ ਤੁਹਾਡੀ ਸਿੱਖਿਆ ਤੋਂ ਕੋਈ ਸਿੱਖਿਆ ਲੈਕੇ ਹੋਰ ਤੋਂ ਹੋਰ ਬਿਹਤਰ ਬਣੇ।

ਜੋਤਵੀਰ ਸਿੰਘ

# ਆਪਣੀਆਂ ਅਗਲੀਆਂ ਨਸਲਾਂ ਦਾ ਭਵਿੱਖ ਬਚਾਉਣ ਲਈ ਹੁਣ ਸਿੱਖ ਕੀ ਕਰਨ?

ਕਈ ਦੋਸਤ ਮੇਰੀਆਂ ਲਿਖਤਾਂ ਪੜ੍ਹ ਕੇ ਕਹਿੰਦੇ ਹਨ ਕਿ ਤੁਸੀ ਸਿੱਖ ਲੀਡਰਾਂ, ਵਿਦਵਾਨਾਂ ਦੀਆਂ ਕਮਜ਼ੋਰੀਆਂ ਤਾਂ ਦੱਸਦੇ ਹੋ, ਪਰ ਇਹ ਦੱਸੋ ਕਿ ਸਿੱਖਾਂ ਨੂੰ ਕਰਨਾ ਕੀ ਚਾਹੀਦਾ ਹੈ ਕਿ ਉਹ ਸੁੱਖ ਸ਼ਾਂਤੀ ਨਾਲ਼ ਵੱਸਣ ਤੇ ਮੋਰਚਿਆਂ ਸੰਘਰਸ਼ਾਂ 'ਚੋ ਨਿਕਲ ਸਕਣ। ਮੇਰਾ ਕਈ ਸਾਲਾਂ ਤੋਂ ਇਹ ਵਿਚਾਰ ਹੈ ਤੇ ਦੋ ਚਾਰ ਵਾਰ ਛੋਟੀਆਂ ਪੋਸਟਾਂ ਰਾਹੀ ਇਸ਼ਾਰਾ ਵੀ ਕੀਤਾ ਸੀ ਕਿਉਂਕਿ ਬਹੁਤ ਸਾਰੇ ਲੋਕ ਜਲਦੀ ਗ਼ੁੱਸਾ ਵੀ ਕਰ ਲੈਂਦੇ ਹਨ। ਪਰ ਅੱਜ ਥੋੜਾ ਵਿਸਥਾਰ ਵਿੱਚ ਲਿਖ ਰਿਹਾਂ। ਤੁਸੀ ਵੀ ਆਪਣੇ ਸੁਝਾਅ ਦੇ ਸਕਦੇ ਹੋ ਤਾਂ ਕਿ ਸਾਰਥਿਕ ਬਹਿਸ ਚੱਲ ਸਕੇ। ਬੇਲੋੜੇ, ਅਸਭਿਅਕ ਭਾਸ਼ਾ ਤੇ ਇਲਜਾਮਬਾਜੀ ਵਾਲ਼ੇ ਕੁਮੈਂਟ ਡਿਲੀਟ ਕਰ ਦਿੱਤੇ ਜਾਣਗੇ।




ਮੇਰਾ ਸੁਝਾਅ ਕਈ ਸਾਲਾਂ ਤੋਂ ਇਹ ਹੈ ਕਿ ਜੇ ਸਿੱਖ ਲੀਡਰਸ਼ਿਪ ਤੇ ਵਿਦਵਾਨਾਂ ਨੂੰ ਥੋੜੀ ਜਿਹੀ ਵੀ ਸੂਝ ਹੋਵੇ ਤਾਂ ਉਹ ਇਹ ਐਲਾਨ ਕਰ ਦੇਣ ਕਿ ਅਗਲੇ 20-25 ਸਾਲ ਲਈ ਸਿੱਖ ਸਾਰੀਆਂ ਪੁਰਾਣੀਆਂ ਮੰਗਾਂ ਛੱਡਦੇ ਹਨ, ਕੋਈ ਨਵੀਂ ਮੰਗ ਨਹੀਂ ਕਰਨਗੇ, ਕਿਸੇ ਮਸਲੇ ਤੇ ਕੋਈ ਮੋਰਚਾ ਨਹੀਂ ਲਗਾਉਣਗੇ।

ਦੇਸ਼-ਵਿਦੇਸ਼ ਵਿੱਚ ਵਸਦੇ ਸਾਰੇ ਸਿੱਖ, ਸਿੱਖਾਂ ਤੇ ਸਿੱਖੀ ਦੀ ਗੁਰਬਾਣੀ ਅਨੁਸਾਰ ਚੜ੍ਹਦੀ ਕਲਾ ਲਈ ਕੰਮ ਕਰਨਗੇ। ਸਿੱਖ ਨੌਜਵਾਨੀ ਲਈ ਵੱਧ ਤੋਂ ਵੱਧ ਹਾਇਰ ਤੇ ਪ੍ਰੋਫੈਸ਼ਨਲ ਐਜੂਕੇਸ਼ਨ ਲਈ ਕੰਮ ਕਰਨਗੇ, ਬਿਜਨੈਸ ਵਿੱਚ ਕਾਮਯਾਬ ਹੋਣ ਲਈ ਇੱਕ ਦੂਜੇ ਦੀ ਮੱਦਦ ਕਰਨਗੇ।

ਮੇਰਾ ਇਹ ਮੰਨਣਾ ਹੈ ਕਿ ਸਿੱਖ ਲੀਡਰਸ਼ਿਪ ਤੇ ਵਿਦਵਾਨਾਂ ਨੇ ਸਿੱਖਾਂ ਨੂੰ ਵਿਤਕਰਿਆਂ ਤੇ ਗੁਲਾਮੀ ਦੇ ਝੂਠੇ ਬਿਰਤਾਂਤ ਸਿਰਜ ਕੇ ਪਿਛਲੇ 75 ਸਾਲਾਂ ਤੋਂ ਮੋਰਚਿਆਂ ਤੇ ਸੰਘਰਸ਼ਾਂ ਵਿੱਚ ਆਪਣੇ ਸੌੜੇ ਰਾਜਸੀ ਤੇ ਫਿਰਕੂ ਹਿੱਤਾਂ ਲਈ ਉਲਝਾ ਕੇ ਬੇਤਹਾਸ਼ਾ ਜਾਨੀ ਤੇ ਮਾਲੀ ਨੁਕਸਾਨ ਕਰਾਉਣ ਦੇ ਨਾਲ਼-ਨਾਲ਼ ਪੰਜਾਬ ਨੂੰ ਵੀ ਬਰਬਾਦ ਕਰ ਦਿੱਤਾ ਹੈ।

ਖਾਸਕਰ 80ਵਿਆਂ ਦੇ ਦਹਾਕੇ ਵਿੱਚ ਅੱਲੜ ਨੌਜਵਾਨੀ ਦੇ ਹੱਥ ਹਥਿਆਰ ਫੜਾ ਕੇ ਸਿੱਖਾਂ ਤੇ ਪੰਜਾਬੀਆਂ ਦਾ ਘਾਣ ਕਰਵਾਇਆ।

ਸਿੱਖਾਂ ਦਾ ਭਾਰਤ ਸਮੇਤ ਹਰ ਦੇਸ਼ ਵਿੱਚ ਅਜੇ ਵੀ ਕਾਫ਼ੀ ਸਤਿਕਾਰ ਹੈ। ਸਿੱਖਾਂ ਨੂੰ ਅਜੇ ਵੀ ਮਿਹਨਤੀ ਤੇ ਖੁੱਲ੍ਹੇ ਸੁਭਾਅ ਦੇ ਹੋਣ ਵਜੋ ਜਾਣਿਆ ਜਾਂਦਾ ਹੈ। ਅੱਜ ਉਨ੍ਹਾਂ ਕੋਲ਼ ਤਰੱਕੀ ਕਰਨ ਲਈ ਸਾਰੀ ਦੁਨੀਆਂ ਖੁੱਲ੍ਹੀ ਹੈ। ਟਕਰਾਅ ਦੀ ਨੀਤੀ ਸਿੱਖਾਂ ਦੇ ਨਾ ਪਹਿਲਾਂ ਹੱਕ ਵਿੱਚ ਭੁਗਤੀ ਹੈ ਤੇ ਨਾ ਹੀ ਅੱਗੇ ਭੁਗਤ ਸਕਦੀ ਹੈ। ਕਿਸੇ ਵੀ ਘੱਟ ਗਿਣਤੀ ਲਈ ਹਥਿਆਰਾਂ ਦਾ ਰਾਹ ਆਤਮਘਾਤੀ ਸਾਬਿਤ ਹੁੰਦਾ ਹੈ। ਸਿੱਖਾਂ, ਤਾਮਿਲ ਲਿੱਟਿਆਂ, ਕਸ਼ਮੀਰੀਆਂ ਸਮੇਤ ਅਨੇਕਾਂ ਘੱਟ ਗਿਣਤੀਆਂ ਨੇ ਇਹ ਰਾਹ ਅਪਨਾ ਕੇ ਦੇਖ ਲਏ ਹਨ, ਜਿਸ ਵਿੱਚੋਂ ਬਰਬਾਦੀ ਤੋਂ ਸਿਵਾਏ ਕੁਝ ਨਹੀਂ ਨਿਕਲਦਾ। ਅੱਜ ਮਾਡਰਨ ਸਟੇਟਾਂ ਇਤਨੀਆਂ ਤਾਕਤਵਰ ਹੋ ਚੁੱਕੀਆਂ ਹਨ ਕਿ ਉਹ ਖ਼ੁਦ ਚਾਹੁੰਦੀਆਂ ਹਨ ਕਿ ਤੁਸੀ ਹਥਿਆਰ ਚੁੱਕੋ ਤੇ ਉਹ ਤੁਹਾਡੇ ਤੇ ਅੱਤਵਾਦ ਦਾ ਲੇਬਲ ਲਗਾ ਕੇ ਕੁਚਲ ਦੇਣ। ਉਨ੍ਹਾਂ ਅਜਿਹਾ ਸਭ ਜਗ੍ਹਾ ਕੀਤਾ ਹੈ ਤੇ ਹਥਿਆਰ ਚੁੱਕਣ ਤੇ ਦੁਨੀਆਂ ਦਾ ਕੋਈ ਦੇਸ਼ ਤੁਹਾਡੇ ਨਾਲ਼ ਨਹੀਂ ਖੜਦਾ। ਪਾਕਿਸਤਾਨ ਵਰਗੇ ਕਮਜ਼ੋਰ ਦੇਸ਼ ਤੁਹਾਡੇ ਤੋਂ ਲੁਕ ਕੇ ਸ਼ਰਾਰਤ ਕਰਾ ਸਕਦੇ ਹਨ, ਤੁਹਾਡਾ ਭਲਾ ਨਹੀਂ ਕਰ ਸਕਦੇ। ਵਿਦੇਸ਼ਾਂ ਵਿੱਚ ਬੈਠੇ ਕੁਝ ਲੋਕ ਆਪ ਤੇ ਇੱਧਰ ਜਿੰਦਗੀ ਦੀਆਂ ਸਭ ਸੁੱਖ ਸਹੂਲਤਾਂ ਮਾਣ ਰਹੇ ਹਨ। ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਦੇ ਰਹੇ ਹਨ, ਬਿਜਨੈਸ ਤੇ ਰਾਜਨੀਤੀ ਵਿੱਚ ਕਾਮਯਾਬ ਕਰਨ ਲਈ ਪੂਰਾ ਜ਼ੋਰ ਲਗਾਉਂਦੇ ਹਨ। ਉਨ੍ਹਾਂ ਵਿੱਚੋਂ ਕੋਈ ਵੀ ਇੱਥੇ ਦੀ ਜਿੰਦਗੀ ਛੱਡ ਕੇ ਵਾਪਿਸ ਪੰਜਾਬ ਜਾ ਕੇ ਸੰਘਰਸ਼ ਲਈ ਤਿਆਰ ਨਹੀਂ ਤੇ ਨਾ ਹੀ ਆਪਣੇ ਕਿਸੇ ਬੱਚੇ ਨੂੰ ਪੰਥ ਲੇਖੇ ਲਾਉਣਾ ਚਾਹੁੰਦੇ ਹਨ।

ਪਰ ਗੁਰਦੁਆਰਿਆਂ ਤੇ ਕਬਜ਼ੇ ਕਰਕੇ ਆਪਣੀ ਧੌਂਸ ਦੀ ਰਾਜਨੀਤੀ ਕਾਇਮ ਰੱਖਣ ਲਈ ਪੰਜਾਬ ਵਿੱਚ ਮਾਹੌਲ ਖ਼ਰਾਬ ਕਰਨ ਤੇ ਲੋਕਾਂ ਦੇ ਪੁੱਤਾਂ ਨੂੰ ਬਲ਼ੀ ਦਾ ਬੱਕਰਾ ਬਣਾਉਣ ਲਈ ਕਾਹਲ਼ੇ ਹਨ। ਜੇ ਇਹ ਸੁਹਿਰਦ ਹੋਣ ਤਾਂ ਕਹਿਣ ਕਿ ਅਸੀਂ ਆਪਣੇ ਪਰਿਵਾਰ ਸਮੇਤ ਪੰਥ ਦੇ ਭਲੇ ਲਈ ਜਾਨਾਂ ਵਾਰਨ ਜਾ ਰਹੇ ਹਾਂ, ਚਲੋ ਬਾਕੀ ਵੀ ਚਲੀਏ। ਚਲੋ ਇਹ ਵੀ ਛੱਡੋ, ਇਹ ਹੀ ਐਲਾਨ ਕਰ ਦੇਣ ਕਿ ਅਸੀਂ ਆਪਣੀ ਭਾਰਤ ਵਿਚਲੀ ਸਾਰੀ ਜਾਇਦਾਦ ਸਿੱਖ ਪੰਥ ਲਈ ਕੁਰਬਾਨੀ ਕਰਨ ਵਾਲੇ ਪੁਰਾਣੇ ਤੇ ਨਵੇਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਦਾਨ ਕਰਦੇ ਹਾਂ। ਆਪ ਤਾਂ ਇੱਧਰ ਲੱਖਾਂ ਪਤੀ ਹੋ ਕੇ, ਇੰਡੀਆ ਵਾਲ਼ੀ ਜਾਇਦਾਦ ਵੇਚ ਬੜੇ ਬੜੇ ਬਿਜਨੈਸ ਖੜੇ ਕਰ ਰਹੇ ਹਨ ਤੇ ਕਰੋੜਾਂਪਤੀ ਬਣ ਰਹੇ ਹਨ ਤੇ ਲੋਕਾਂ ਦੇ ਪੁੱਤ ਮਰਾਉਣ ਲਈ ਗੁਲਾਮੀ ਦਾ ਰੌਲ਼ਾ ਪਾ ਰਹੇ ਹਨ?

ਸਿੱਖ ਜਿਸ ਮੰਝਧਾਰ ਵਿੱਚ ਹੁਣ ਫਸ ਚੁੱਕੇ ਹਨ, ਉਸ ਵਿੱਚੋਂ ਨਿਕਲਣ ਦਾ ਮੇਰੇ ਪਾਸ ਇਸ ਤੋਂ ਚੰਗਾ ਸੁਝਾਅ ਕੋਈ ਨਹੀਂ। ਜੇ ਕਿਸੇ ਹੋਰ ਕੋਲ਼ ਹੈ ਤਾਂ ਦੱਸ ਸਕਦਾ। ਪਿਛਲੇ 200 ਸਾਲ ਦਾ ਸਿੱਖ ਇਤਿਹਾਸ ਪੜ੍ਹ ਕੇ ਮੈਨੂੰ ਤਾਂ ਇਹ ਸਪੱਸ਼ਟ ਹੈ ਕਿ ਸਿੱਖ ਲੜ ਸਕਦੇ ਹਨ, ਮਰ ਸਕਦੇ ਹਨ, ਮਾਰ ਸਕਦੇ ਹਨ, ਪਰ ਨਾ ਕੁਝ ਪ੍ਰਾਪਤ ਕੀਤਾ ਹੈ ਤੇ ਨਾ ਕਰ ਸਕਦੇ ਹਨ। ਮੇਰਾ ਜੀਵਨ ਦੇ ਤਜੁਰਬੇ ਤੇ ਬਹੁਤ ਕੁਝ ਪੜ੍ਹ ਕੇ ਇਹ ਪੱਕਾ ਯਕੀਨ ਹੈ ਕਿ ਟਕਰਾਅ, ਹਿੰਸਾ, ਨਫ਼ਰਤ, ਧਰਮ ਅਧਾਰਿਤ ਫਿਰਕੂ ਰਾਜਨੀਤੀ, ਨਾ ਸਿੱਖਾਂ ਵਰਗੀ ਸਾਰੀ ਦੁਨੀਆਂ ਵਿੱਚ ਫੈਲੀ ਘੱਟ ਗਿਣਤੀ ਦੇ ਹੱਕ ਵਿੱਚ ਭੁਗਤੀ ਹੈ ਤੇ ਨਾ ਲੱਦੇ ਭੁਗਤਣੀ। ਇਸ ਨਾਲ਼ ਅਸੀਂ ਪਹਿਲਾਂ ਵੀ ਆਪਣਾ ਨੁਕਸਾਨ ਤੇ ਨਾਮ ਖ਼ਰਾਬ ਕੀਤਾ ਹੈ ਤੇ ਭਵਿੱਖ ਵਿੱਚ ਹੋਰ ਖ਼ਰਾਬ ਕਰਾਂਗੇ। ਸਾਡੇ ਲਈ ਗੁਰੂਆਂ ਦੀ ਸਾਂਝੀਵਾਲਤਾ, ਮਨੁੱਖੀ ਬਰਾਬਰੀ, ਸਮਾਜਿਕ ਨਿਆਂ ਵਾਲ਼ੀ ਨੀਤੀ ਹੀ ਉੱਤਮ ਹੈ ਤੇ ਰਹੇਗੀ।

ਮੈਨੂੰ ਇਹ ਯਕੀਨ ਹੈ ਕਿ ਮੇਰਾ ਇਹ ਕੁਮੈਂਟ 5, 10, 15 ਸਾਲ ਪਹਿਲਾਂ ਵੀ ਸੱਚ ਸੀ ਤੇ ਅਗਲੇ 5, 10, 15, 20, 50 ਸਾਲ ਵੀ ਸੱਚ ਹੀ ਰਹਿਣਾ ਹੈ। ਤੁਸੀ ਇਸ ਗੱਲ ਤੇ ਹੱਸ ਸਕਦੇ ਹੋ, ਮਜ਼ਾਕ ਕਰ ਸਕਦੇ ਹੋ। ਮੈ ਇਹ ਲਿਖਤ ਅੱਜ ਵੀ ਪਾ ਰਿਹਾ ਹਾਂ ਤੇ ਹਰ ਸਾਲ ਦੁਬਾਰਾ ਪਾਉਂਦਾ ਰਹਾਂਗਾ ਕਿਉਂਕਿ ਮੇਰਾ ਮੰਨਣਾ ਹੈ ਕਿ ਜਿਸ ਨੀਤੀ ਤੇ ਸਿੱਖਾਂ ਦੀ ਧਾਰਮਿਕ ਤੇ ਰਾਜਨੀਤਕ ਲੀਡਰਸ਼ਿਪ ਅਤੇ ਵਿਦਵਾਨ ਸਿੱਖਾਂ ਨੂੰ ਲਿਜਾ ਰਹੇ ਹਨ, ਉਹ ਪੰਥ ਤੇ ਪੰਜਾਬ ਘਾਤਕ ਹੈ। ਇਸਦੇ ਨਤੀਜੇ ਭਿਆਨਕ ਨਿਕਲੇ ਸਨ ਤੇ ਭਵਿੱਖ ਵਿੱਚ ਨਿਕਲਣਗੇ।



ਹਰਚਰਨ ਸਿੰਘ ਪ੍ਰਹਾਰ

# ਸਮੱਸਿਆਵਾਂ ਨੂੰ ਹੱਲ ਕਰਨ ਦੇ ਤਿੰਨ ਰਾਹ !




ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਦੇ ਤਿੰਨ ਤਰੀਕੇ ਜੋ ਸਕਦੇ ਹਨ, ਇੱਕ ਉਸਨੂੰ ਹੁਕਮ ਸਮਝ ਕੇ ਸਵੀਕਾਰ ਕਰਨਾ ਕਿ ਜੋ ਜੋ ਹੋਣਾ ਸੀ, ਹੋ ਗਿਆ ਤੇ ਹੁਣ ਹੋਰ ਕੁਝ ਨੀ ਹੋ ਸਕਦਾ, ਉਸ ਨਾਲ ਉਸੇ ਤਰ੍ਹਾਂ ਨਿਪਟੋ।ਜਿਸ ਤਰ੍ਹਾਂ ਜਦੋਂ ਅਸੀਂ ਗਲਤੀ ਕਰ ਲੈਂਦੇ ਹਾਂ, ਫਿਰ ਕੁਝ ਹੋਰ ਨਹੀਂ ਕਰ ਸਕਦੇ ਤਾਂ ਉਸਨੂੰ ਸਵੀਕਾਰ ਕਰਕੇ, ਉਸਦੇ ਨਤੀਜੇ ਭੁਗਤੋ ਭਾਵ ਜੋ ਸਜ਼ਾ ਬਣਦੀ ਹੈ, ਉਸਨੂੰ ਵੀ ਸਵੀਕਾਰ ਕਰੋ।

ਦੂਜਾ ਹੈ ਕਿ ਜੋ ਹੋ ਗਿਆ, ਉਸਨੂੰ ਸਵੀਕਾਰ ਕਰਕੇ, ਉਸਨੂੰ ਫਿਕਸ ਕਰਨ ਜਾਂ ਉਸ ਸਮੱਸਿਆ ਨੂੰ ਹੱਲ ਕਰਨ ਲਈ ਤੁਸੀਂ ਜੋ ਵੀ ਕਰ ਸਕਦੇ ਹੋ ਇਮਾਨਦਾਰੀ ਨਾਲ ਕਰੋ। ਤੀਜਾ ਤਰੀਕਾ ਹੈ ਕਿ ਜੇ ਕਿਸੇ ਸਮੱਸਿਆ ਦਾ ਤੁਸੀਂ ਕੋਈ ਹੱਲ ਨਹੀਂ ਕਰ ਸਕਦੇ ਜਾਂ ਕਿਤੋਂ ਮੱਦਦ ਵੀ ਨਹੀਂ ਲੈ ਸਕਦੇ ਤਾਂ ਰੱਬ ਦਾ ਭਾਣਾ ਮੰਨ ਕੇ ਆਪਣੀਆਂ ਕੋਸ਼ਿਸ਼ਾਂ ਛੱਡ ਦਿਉ। ਬਹੁਤ ਵਾਰ ਸਮਾਂ ਹੀ ਸਮੱਸਿਆਵਾਂ ਨੂੰ ਹੱਲ ਕਰ ਦਿੰਦਾ ਹੈ।

CANADIAN TRUCK TRAINING CENTRE




ਤਸੱਲੀਬਕਸ਼ ਸੇਵਾਵਾਂ ਲਈ



ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college, Training Classes for Air Brakes, Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES
CALL MUNISH TEGI
Mortgage Agent Level1
LIC# M14000011
BROKERAGE LIC# 10039



416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਦਿੱਲੀ ਚੋਣਾਂ ਤੋਂ ਪਹਿਲਾਂ ਰਾਮ ਰਹੀਮ ਨੂੰ 30 ਦਿਨ ਦੀ ਫਰਲੋਅ

## ਸਜ਼ਾ ਸੁਣਾਏ ਜਾਣ ਮਗਰੋਂ ਡੇਰਾ ਮੁਖੀ ਨੂੰ ਪਹਿਲੀ ਵਾਰ ਸਿਰਸਾ ਜਾਣ ਦੀ ਇਜਾਜ਼ਤ ਮਿਲੀ



ਚੰਡੀਗੜ੍ਹ : ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁੜ ਫਰਲੋਅ ਮਿਲ ਗਈ ਹੈ। ਇਸ ਵਾਰ ਉਸ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਡੇਰਾ ਮੁਖੀ ਦੋ ਸਾਧਵੀਆਂ ਨਾਲ ਜਬਰ-ਜਨਾਹ ਦੇ ਦੋਸ਼ ਹੇਠ ਹਰਿਆਣਾ ਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਚਾਰ ਸਾਲਾਂ ਵਿੱਚ ਰਾਮ ਰਹੀਮ ਦੀ ਇਹ 12ਵੀਂ ਪੈਰੋਲ ਜਾਂ ਫਰਲੋਅ ਹੈ।

ਉਨ੍ਹਾਂ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਲਗਪਗ ਇਕ ਹਫ਼ਤਾ ਪਹਿਲਾਂ ਤੇ ਹਰਿਆਣਾ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਪੈਰੋਲ ਮਿਲੀ ਹੈ। ਡੇਰਾ ਸੱਚਾ ਸੌਦਾ ਮੁਖੀ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅੱਜ ਸਵੇਰੇ ਸੁਨਾਰੀਆਂ ਜੇਲ੍ਹ ਵਿੱਚੋਂ ਬਾਹਰ ਆ ਗਿਆ। ਅਗਸਤ 2017 ਵਿੱਚ ਦੋ ਸਾਧਵੀਆਂ ਨਾਲ ਜਬਰ-ਜਨਾਹ ਮਾਮਲੇ ਵਿੱਚ ਸਜ਼ਾ ਸੁਣਾਏ ਜਾਣ ਮਗਰੋਂ ਉਸ ਨੂੰ ਪਹਿਲੀ ਵਾਰ ਸਿਰਸਾ ਡੇਰੇ ਜਾਣ ਦੀ ਇਜਾਜ਼ਤ ਮਿਲੀ ਹੈ, ਜਿੱਥੇ ਉਹ ਦਸ ਦਿਨ ਠਹਿਰੇਗਾ। ਇਸ ਤੋਂ ਬਾਅਦ ਉਹ ਯੂਪੀ ਦੇ ਬਾਗਪਤ ਸਥਿਤ ਬਰਨਾਵਾ ਵਿੱਚ ਰਹੇਗਾ। ਉਸ ਨੂੰ ਫਰਲੋਅ 5 ਫਰਵਰੀ ਨੂੰ ਹੋ ਰਹੀਆਂ ਦਿੱਲੀ ਚੋਣਾਂ ਤੋਂ ਕੁੱਝ ਦਿਨ ਪਹਿਲਾਂ ਦਿੱਤੀ ਗਈ ਹੈ। ਉਸ ਨੂੰ ਪਿਛਲੀ ਵਾਰ 20 ਦਿਨ ਦੀ ਪੈਰੋਲ ਪਿਛਲੇ ਸਾਲ 5 ਅਕਤੂਬਰ ਨੂੰ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਚਾਰ ਦਿਨ ਪਹਿਲਾਂ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਹਰਿਆਣਾ ਸਰਕਾਰ ਨੇ ਪਿਛਲੇ ਸਾਲ ਅਗਸਤ 'ਚ 21 ਦਿਨ ਦੀ ਫਰਲੋਅ ਦਿੱਤੀ ਸੀ।

## ਸ਼੍ਰੋਮਣੀ ਕਮੇਟੀ ਨੇ ਪੈਰੋਲ 'ਤੇ ਜਤਾਇਆ ਇਤਰਾਜ਼

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਦੇਣ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਫੌਰੀ ਪੈਰੋਲ ਰੱਦ ਕਰਕੇ ਉਸ ਨੂੰ ਮੁੜ ਜੇਲ੍ਹ ਭੇਜਣ ਦੀ ਮੰਗ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਫ਼ੈਸਲਾ ਸਰਕਾਰ ਦੀ ਦੋਹਰੀ ਪਹੁੰਚ ਨੂੰ ਦਰਸਾਉਂਦਾ ਹੈ। ਸਿਆਸੀ ਲਾਹੇ ਲਈ ਰਾਮ ਰਹੀਮ ਨੂੰ ਵਾਰ-ਵਾਰ ਫਰਲੋ ਜਾਂ ਪੈਰੋਲ ਦਿੱਤੀ ਜਾ ਰਹੀ ਹੈ, ਜਦਕਿ ਤਿੰਨ-ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਬੰਦੀ ਸਿੰਘਾਂ ਨੂੰ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਰਿਹਾਅ ਨਹੀਂ ਕੀਤਾ ਜਾ ਰਿਹਾ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਜਪਾ ਸਰਕਾਰ ਸਿਆਸੀ ਲਾਹੇ ਲਈ ਰਾਮ ਰਹੀਮ ਦੇ ਘਿਨਾਉਣੇ ਅਪਰਾਧਾਂ ਨੂੰ ਨਜ਼ਰਅੰਦਾਜ਼ ਕਰਕੇ ਪਹਿਲਾਂ ਵੀ ਚੋਣਾਂ ਸਮੇਂ ਪੈਰੋਲ ਦੇ ਚੁੱਕੀ ਹੈ।

## ਰਾਮ ਰਹੀਮ ਵੱਲੋਂ ਸ਼ਰਧਾਲੂਆਂ ਨੂੰ ਸਿਰਸਾ ਨਾ ਆਉਣ ਦੀ ਅਪੀਲ

ਸਿਰਸਾ : ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਖ਼ਤ ਸੁਰੱਖਿਆ ਹੇਠ ਸਵੇਰੇ ਸੁਨਾਰੀਆ ਜੇਲ੍ਹ ਤੋਂ ਬਾਹਰ ਆਉਣ ਮਗਰੋਂ ਸਾਢੇ ਸੱਤ ਸਾਲਾਂ ਵਿੱਚ ਸਿਰਸਾ ਸਥਿਤ ਡੇਰੇ ਪੁੱਜ ਗਿਆ ਹੈ। ਸਾਧਵੀ ਜਬਰ-ਜਨਾਹ ਮਾਮਲੇ ਵਿੱਚ 25 ਅਗਸਤ 2017 'ਚ ਸਜ਼ਾ ਸੁਣਾਏ ਜਾਣ ਮਗਰੋਂ ਉਹ ਪਹਿਲੀ ਵਾਰ ਸਿਰਸਾ ਡੇਰੇ ਪੁੱਜਾ ਹੈ। ਇਸ ਦੌਰਾਨ ਉਨ੍ਹਾਂ ਇੱਕ ਵੀਡੀਓ ਜਾਰੀ ਕੀਤੀ ਹੈ, ਜਿਸ ਵਿੱਚ ਡੇਰਾ ਪ੍ਰੇਮੀਆਂ ਨੂੰ ਸਿਰਸਾ ਨਾ ਆਉਣ ਦੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਡੇਰੇ ਦੇ ਸੇਵਾਦਾਰਾਂ ਵੱਲੋਂ ਜੋ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣਗੇ, ਉਨ੍ਹਾਂ ਦੀ ਪਾਲਣਾ ਕੀਤੀ ਜਾਵੇ। ਉਨ੍ਹਾਂ ਨੇ ਸਾਰਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ। ਪੈਰੋਲ 'ਤੇ ਸਿਰਸਾ ਡੇਰਾ ਪਹੁੰਚਣ 'ਤੇ ਸੁਰੱਖਿਆ ਦੇ ਖਾਸ ਇੰਤਜ਼ਾਮ ਕੀਤੇ ਗਏ ਹਨ। ਡੇਰੇ ਨੂੰ ਜਾਣ ਵਾਲੀ ਸੜਕ 'ਤੇ ਪੁਲੀਸ ਵੱਲੋਂ ਥਾਂ-ਥਾਂ 'ਤੇ ਨਾਕੇ ਲਾਏ ਗਏ ਹਨ। ਡੇਰੇ ਦੇ ਮੁੱਖ ਗੇਟਾਂ 'ਤੇ ਪੁਲੀਸ ਨੂੰ ਤਾਇਨਾਤ ਕੀਤਾ ਗਿਆ ਹੈ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਤੀਜੇ ਗੇੜ ਦੀ ਮੀਟਿੰਗ ਲਈ ਦੋਵਾਂ ਫੋਰਮਾਂ ਨੂੰ ਸੱਦਾ

ਪਟਿਆਲਾ : ਸੰਯੁਕਤ ਕਿਸਾਨ ਮੋਰਚਾ ਨੇ 9 ਦਸੰਬਰ ਦੀ ਮੋਗਾ ਮਹਾਪੰਚਾਇਤ ਤੋਂ ਸ਼ੁਰੂ ਹੋਈ ਸਾਂਝਾ ਫਰੰਟ ਬਣਾਉਣ ਦੀ ਸਰਗਰਮੀ ਦੀ ਕੜੀ ਤਹਿਤ ਅੱਜ ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਨੂੰ 12 ਫਰਵਰੀ ਨੂੰ ਮੁੜ ਤੀਜੇ ਗੇੜ ਦੀ ਮੀਟਿੰਗ ਦਾ ਸੱਦਾ ਦਿੱਤਾ ਹੈ। ਏਕੇ ਦੇ ਮਤੇ 'ਤੇ ਹੋਣ ਵਾਲੀ ਤੀਜੇ ਗੇੜ ਦੀ ਇਸ ਮੀਟਿੰਗ ਸਬੰਧੀ ਐੱਸਕੇਐੱਮ ਦੀ ਛੇ ਮੈਂਬਰੀ ਤਾਲਮੇਲ ਕਮੇਟੀ ਨੇ ਇਹ ਰਸਮੀ ਸੱਦਾ ਭੇਜਿਆ। ਤਾਲਮੇਲ ਕਮੇਟੀ ਦੇ ਮੈਂਬਰ ਜੋਗਿੰਦਰ ਸਿੰਘ ਉਗਰਾਹਾਂ ਨੇ ਸੁਖਜੀਤ ਸਿੰਘ ਹਰਦੋਝੰਡੇ ਨੂੰ ਵ੍ਹਟਸਐਪ ਰਾਹੀਂ, ਜਦੋਂਕਿ ਕਮੇਟੀ ਦੇ ਇੱਕ ਹੋਰ ਮੈਂਬਰ ਰਮਿੰਦਰ ਪਟਿਆਲਾ ਨੇ ਸਰਵਣ ਸਿੰਘ ਪੰਧੇਰ ਨਾਲ ਰਾਬਤਾ ਸਾਧ ਕੇ ਮੀਟਿੰਗ ਦਾ ਸੱਦਾ ਦਿੱਤਾ ਹੈ। ਇਸ ਵਾਰ ਇਹ ਮੀਟਿੰਗ ਚੰਡੀਗੜ੍ਹ 'ਚ ਹੋਵੇਗੀ ਜਦੋਂਕਿ ਪਿਛਲੀਆਂ ਦੋਵੇਂ ਮੀਟਿੰਗਾਂ ਪਾਤੜਾਂ ਵਿੱਚ ਕ੍ਰਮਵਾਰ 12 ਤੇ 18 ਜਨਵਰੀ ਨੂੰ ਹੋਈਆਂ ਸਨ। ਉਧਰ ਸੰਪਰਕ ਕਰਨ 'ਤੇ ਸੁਖਜੀਤ ਹਰਦੋਝੰਡੇ ਨੇ ਸੱਦਾ ਪੱਤਰ ਮਿਲਣ ਦੀ ਪੁਸ਼ਟੀ ਕੀਤੀ ਹੈ। ਹਾਲਾਂਕਿ, ਉਨ੍ਹਾਂ ਦਾ ਕਹਿਣਾ ਸੀ ਕਿ ਮੋਰਚੇ ਨੂੰ ਸਾਲ ਪੂਰਾ ਹੋਣ 'ਤੇ ਢਾਬੀਗੁੱਜਰਾਂ ਬਾਰਡਰ 'ਤੇ ਉਸੇ ਹੀ ਦਿਨ 12 ਫਰਵਰੀ ਨੂੰ ਮਹਾਂ ਪੰਚਾਇਤ ਕੀਤੀ ਜਾ ਰਹੀ ਹੈ।

ਇਸ ਮਸਲੇ ਸਬੰਧੀ ਦੋਵੇਂ ਫੋਰਮ ਭਲਕੇ 29 ਜਨਵਰੀ ਨੂੰ ਮੀਟਿੰਗ ਕਰਕੇ ਸਲਾਹ-ਮਸ਼ਵਰੇ ਮਗਰੋਂ ਹੀ ਕੋਈ ਰਣਨੀਤੀ ਬਣਾਉਣਗੀਆਂ। ਇਸੇ ਦੌਰਾਨ ਐੱਸਕੇਐੱਮ ਦੀ ਤਾਲਮੇਲ ਕਮੇਟੀ ਦੇ ਮੈਂਬਰ ਰਮਿੰਦਰ ਪਟਿਆਲਾ ਨੇ ਦੋਵੇਂ ਫੋਰਮਾਂ ਨੂੰ 12 ਫਰਵਰੀ ਦੀ ਮੀਟਿੰਗ ਦਾ ਅੱਜ ਰਸਮੀ ਸੱਦਾ ਪੱਤਰ ਭੇਜੇ ਜਾਣ ਦੀ ਪੁਸ਼ਟੀ ਕੀਤੀ ਹੈ। ਇਸੇ ਦੌਰਾਨ ਏਕਤਾ ਦੇ ਮੁੱਦੇ 'ਤੇ ਜਗਜੀਤ ਸਿੰਘ ਡੱਲੇਵਾਲ ਨੇ ਮੰਨਿਆ ਕਿ ਉਨ੍ਹਾਂ (ਐੱਸਕੇਐੱਮ ਤੇ ਦੋਵੇਂ ਫੋਰਮਾਂ) ਦਰਮਿਆਨ ਮੱਤਭੇਦ ਹਨ, ਪਰ ਤਾਲਮੇਲਵੇਂ ਰੂਪ 'ਚ ਲੜਾਈ ਲੜੀ ਜਾ ਸਕਦੀ ਹੈ।



## ਲੋਕ 12 ਨੂੰ ਖਨੌਰੀ ਬਾਰਡਰ ਪੁੱਜਣ: ਡੱਲੇਵਾਲ

ਪਟਿਆਲਾ: ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਆਪਣੇ ਮਰਨ ਵਰਤ ਦੇ 64ਵੇਂ ਦਿਨ ਅੱਜ ਐਲਾਨ ਕੀਤਾ ਕਿ ਉਹ ਸਰਕਾਰ ਵੱਲੋਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਸਮੇਤ ਕਿਸਾਨੀ ਮੰਗਾਂ ਮੰਨੇ ਜਾਣ ਤੱਕ ਭੁੱਖ ਹੜਤਾਲ ਜਾਰੀ ਰੱਖਣਗੇ। ਖਨੌਰੀ ਬਾਰਡਰ 'ਤੇ 4 ਜਨਵਰੀ ਨੂੰ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰਨ ਮਗਰੋਂ ਡੱਲੇਵਾਲ ਨੇ ਅੱਜ ਪਹਿਲੀ ਵਾਰ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, ''ਪੰਜਾਬ ਨੂੰ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਲਈ ਵੀ ਐੱਮਐੱਸਪੀ ਦੀ ਲੋੜ ਹੈ।'' ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਉੱਚ ਪੱਧਰੀ ਵਫ਼ਦ ਵੱਲੋਂ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨਾਲ ਚੰਡੀਗੜ੍ਹ ਵਿੱਚ 14 ਫਰਵਰੀ ਨੂੰ ਦਿੱਤੇ ਗੱਲਬਾਤ ਦੇ ਸੱਦੇ ਮਗਰੋਂ ਸਿਰਫ਼ ਮੈਡੀਕਲ ਸਹਾਇਤਾ ਲੈਣ ਦੀ ਸਹਿਮਤੀ ਦਿੱਤੀ ਸੀ। ਇਸ ਮੀਟਿੰਗ ਵਿੱਚ ਸ਼ਾਮਲ ਹੋਣ ਸਬੰਧੀ ਪੁੱਛੇ ਜਾਣ 'ਤੇ ਡੱਲੇਵਾਲ ਨੇ ਕਿਹਾ, ''ਹਰ ਕੋਈ ਮੀਟਿੰਗ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ, ਪਰ ਮੇਰੀ ਸਿਹਤ ਮੈਨੂੰ ਨਿੱਜੀ ਤੌਰ 'ਤੇ ਚੰਡੀਗੜ੍ਹ ਜਾ ਕੇ ਗੱਲਬਾਤ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੰਦੀ।'' ਡੱਲੇਵਾਲ ਨੇ ਲੋਕਾਂ ਨੂੰ 12 ਫਰਵਰੀ ਨੂੰ ਖਨੌਰੀ ਬਾਰਡਰ 'ਤੇ ਪਹੁੰਚਣ ਦੀ ਅਪੀਲ ਕੀਤੀ ਕਿਉਂਕਿ ਉਸ ਦਿਨ ਅੰਦੋਲਨ ਨੂੰ ਇੱਕ ਸਾਲ ਪੂਰਾ ਹੋ ਜਾਵੇਗਾ। ਉਨ੍ਹਾਂ ਕਿਹਾ, ''ਮੈਂ ਆਸ ਕਰਦਾ ਹਾਂ ਕਿ ਖਨੌਰੀ ਬਾਰਡਰ ਉੱਤੇ ਵੱਡਾ ਇਕੱਠ ਮੈਨੂੰ ਨਵੀਂ ਊਰਜਾ ਦੇਵੇਗਾ ਤੇ ਮੈਨੂੰ ਕੇਂਦਰ ਸਰਕਾਰ ਦੇ ਵਫ਼ਦ ਨਾਲ ਹੋਣ ਵਾਲੀ ਗੱਲਬਾਤ (14 ਫਰਵਰੀ) ਵਿਚ ਸਰੀਰਕ ਤੌਰ 'ਤੇ ਮੌਜੂਦ ਰਹਿਣ ਦੀ ਤਾਕਤ ਬਖ਼ਸ਼ੇਗਾ।''

# ਕੈਨੇਡਾ ਦੇ ਜਸਦੀਪ ਸਿੰਘ ਨੇ ਵਧਾਇਆ ਸਿੱਖਾਂ ਦਾ ਮਾਣ: ਐਨਟਾਰਕਟੀਕਾ ਸਣੇ ਸੱਤ ਮਹਾਂਦੀਪਾਂ 'ਚ ਮੈਰਾਥਨ ਦੌੜ ਪੂਰੀ ਕਰਨ ਵਾਲੇ ਉੱਤਰੀ ਅਮਰੀਕਾ ਦੇ ਪਹਿਲੇ ਸਿੱਖ

ਵੱਲੋਂ: ਸਮੀਪ ਸਿੰਘ ਗੁਮਟਾਲਾ



ਵਿੰਡਸਰ, ਕੈਨੇਡਾ (26 ਜਨਵਰੀ, 2025): ਕੈਨੇਡਾ ਦੇ ਸੂਬੇ ਓਨਟਾਰੀਓ ਦੇ ਸ਼ਹਿਰ ਵਿੰਡਸਰ ਦੇ ਵਸਨੀਕ 50 ਸਾਲਾ ਜਸਦੀਪ ਸਿੰਘ ਨੇ ਇੱਕ ਨਵਾਂ ਇਤਿਹਾਸ ਰਚਿਆ ਹੈ। ਉਹ ਉੱਤਰੀ ਅਮਰੀਕਾ (ਕੈਨੇਡਾ ਅਤੇ ਅਮਰੀਕਾ) ਦੇ ਪਹਿਲੇ ਸਿੱਖ ਬਣ ਗਏ ਹਨ ਜਿੰਨ੍ਹਾਂ ਨੇ ਸਾਰੇ ਸੱਤ ਮਹਾਦੀਪ ਵਿੱਚ ਮੈਰਾਥਨ ਦੌੜ ਪੂਰੀ ਕਰਨ ਦਾ ਰਿਕਾਰਡ ਬਣਾਇਆ ਹੈ। ਇਸ ਵਿੱਚ ਹਰ ਪਾਸੇ ਬਰਫ ਨਾਲ ਟਕੀ ਅਤੇ ਗਿਨਿਸ ਬੁੱਕ ਆਫ ਵਰਲਡ ਰਿਕਾਰਡਜ਼ 'ਚ ਦੁਨੀਆ ਦੀ ਸਭ ਤੋਂ ਦੱਖਣੀ ਮੈਰਾਥਨ "ਐਨਟਾਰਕਟਿਕਾ ਆਈਸ ਮੈਰਾਥਨ"ਵੀ ਸ਼ਾਮਲ ਹੈ।

ਇੱਕ ਵਿਲੱਖਣ ਪ੍ਰਾਪਤੀ ਦਸੰਬਰ 2024 ਵਿੱਚ ਬਰਫ ਨਾਲ ਟਕੀ ਧਰਤੀ 'ਤੇ "ਐਨਟਾਰਕਟਿਕਾ ਆਈਸ ਮੈਰਾਥਨ" ਪੂਰੀ ਕਰ ਜਸਦੀਪ ਸਿੰਘ ਦੁਨੀਆ ਭਰ ਦੇ ਤਕਰੀਬਨ 500 ਦੌੜਾਕਾਂ ਵਿੱਚ ਸ਼ਾਮਲ ਹੋ ਗਏ ਜਿਨ੍ਹਾਂ ਨੇ ਸਾਰੇ ਸੱਤ ਮਹਾਂਦੀਪ ਵਿੱਚ 42 ਕਿਲੋਮੀਟਰ ਮੈਰਾਥਨ ਦੀ ਮੁਸ਼ਕਲ ਚੁਣੌਤੀ ਨੂੰ ਪੂਰਾ ਕੀਤਾ ਹੈ। ਉਸਦੀ ਇਸ ਪ੍ਰਾਪਤੀ ਨੂੰ ਹਾਲ ਹੀ ਵਿੱਚ ਕੈਨੇਡਾ ਬਰੌਡਕਾਸਟਿੰਗ ਕੰਪਨੀ (ਸੀਬੀਸੀ) ਦੁਆਰਾ ਵੀ ਪ੍ਰਕਾਸ਼ਤ ਕੀਤਾ ਗਿਆ ਹੈ।








ਭਾਰਤ ਦੇ ਸੂਬੇ ਪੰਜਾਬ ਦੇ ਜੰਮਪਲ, ਜਸਦੀਪ ਨੇ 40 ਸਾਲ ਦੀ ਉਮਰ ਵਿੱਚ ਦੱਖਣੀ ਓਨਟਾਰੀਓ ਦੇ ਛੋਟੇ ਜਿਹੇ ਸ਼ਹਿਰ ਵਿੰਡਸਰ ਵਿੱਚ ਲੰਮੀ ਦੌੜ ਦੀ ਸ਼ੁਰੂਆਤ ਕੀਤੀ। ਉਸ ਤੋਂ ਬਾਦ ਉਹਨਾਂ ਨੇ ਵਿਸ਼ਵ ਭਰ ਦੇ ਸੱਤ ਮਹਾਂਦੀਪ ਦੀਆਂ ਕਈ ਮੈਰਾਥਨ ਦੌੜਾਂ ਪੂਰੀਆਂ ਕੀਤੀਆਂ। ਉਹਨਾਂ ਉੱਤਰੀ ਅਮਰੀਕਾ ਮਹਾਂਦੀਪ 'ਚ 2018 ਦੀ ਡੇਟ੍ਰਾਇਟ ਮੈਰਾਥਨ ਅਤੇ 2019 ਦੀ ਨਿਊਯਾਰਕ ਮੈਰਾਥਨ ਨੂੰ ਪੂਰਾ ਕੀਤਾ। ਉਪਰੰਤ ਯੂਰਪ ਮਹਾਂਦੀਪ ਵਿੱਚ ਉਹਨਾਂ ਨੇ 2021 ਦੀ ਬਰਲਿਨ ਮੈਰਾਥਨ ਅਤੇ 2022 ਦੀ ਲੰਡਨ ਮੈਰਾਥਨ ਪੂਰੇ ਕੀਤੇ। ਸਾਲ 2023 ਵਿੱਚ, ਉਹਨਾਂ ਨੇ ਦੱਖਣੀ ਅਮਰੀਕਾ ਵਿੱਚ ਬ੍ਰਾਜ਼ੀਲ ਵਿਖੇ ਰੀਓ ਮੈਰਾਥਨ ਅਤੇ ਅਫਰੀਕਾ ਮਹਾਂਦੀਪ ਵਿੱਚ ਕੇਪ ਟਾਊਨ ਮੈਰਾਥਨ ਪੂਰੀ ਕੀਤੀ। ਏਸ਼ੀਆ ਵਿੱਚ 2024 'ਚ ਟੋਕੀਓ ਮੈਰਾਥਨ, ਆਸਟ੍ਰੇਲੀਆ ਵਿੱਚ ਸਿਡਨੀ ਮੈਰਾਥਨ ਅਤੇ ਅੰਤ 'ਚ ਦਸੰਬਰ 2024 ਵਿੱਚ ਐਨਟਾਰਕਟਿਕਾ ਦੇ ਯੂਨੀਅਨ ਗਲੇਸ਼ੀਅਰ ਵਿੱਚ "ਐਨਟਾਰਕਟਿਕਾ ਆਈਸ ਮੈਰਾਥਨ" ਨੂੰ ਪੂਰਾ ਕਰ ਸੱਤ ਮਹਾਂਦੀਪ ਵਿੱਚ ਮੈਰਾਥਨ ਪੂਰਾ ਕਰਨ ਵਾਲੇ ਪਹਿਲੇ ਸਿੱਖ ਬਣ ਗਏ। ਐਨਟਾਰਕਟੀਕਾ ਮੈਰਾਥਨ ਨੂੰ ਪੂਰਾ ਕਰਨ ਦੀ ਚੁਣੌਤੀ ਜਸਦੀਪ ਦੀ ਸੱਤ ਮਹਾਂਦੀਪ ਦੀ ਇਹ ਯਾਤਰਾ ਐਨਟਾਰਕਟਿਕਾ ਦੀ ਮੈਰਾਥਨ ਨਾਲ ਖਤਮ ਹੋਈ। ਐਨਟਾਰਕਟੀਕਾ ਦੀ ਇਸ ਮੈਰਾਥਨ ਨੂੰ ਪੂਰਾ ਕਰਨ 'ਚ ਉਹਨਾਂ ਨੂੰ ਛੇ ਘੰਟੇ ਦਾ ਸਮਾਂ ਲੱਗਾ। ਹਵਾਈ ਅੱਡਾ ਨਾ ਹੋਣ ਕਰਕੇ, ਜਸਦੀਪ ਸਣੇ 64 ਹੋਰ ਦੌੜਾਕਾਂ ਨੇ ਖਾਸ ਤੌਰ 'ਤੇ ਤਿਆਰ ਕੀਤੇ ਬੋਇੰਗ 757 ਜਹਾਜ਼ ਰਾਹੀਂ ਬਰਫ 'ਤੇ ਲੈਂਡ ਕੀਤਾ ਜਿਸ ਨੂੰ ਪਾਇਲਟ ਦੇ ਹੁਨਰ ਦਾ ਪ੍ਰਮਾਣ ਕਿਹਾ ਜਾ ਸਕਦਾ ਹੈ।

ਐਨਟਾਰਕਟਿਕਾ ਦੇ ਮਨਫੀ ਤਾਪਮਾਨ, ਅਲਟਰਾ ਵਾਇਲੇਟ (ਯੂਵੀ) ਰੇਡੀਏਸ਼ਨ ਅਤੇ ਬਰਫੀਲੀਆਂ ਹਵਾਵਾਂ ਵਿੱਚ ਦੌੜਦਿਆਂ ਜਸਦੀਪ ਦੀ ਧੀਰਜ ਅਤੇ ਮਾਨਸਿਕ ਦ੍ਰਿੜਤਾ ਦੀ ਪਰਖ ਹੋਈ। ਉਹਨਾਂ ਕਿਹਾ 'ਐਨਟਾਰਕਟਿਕਾ ਸਭ ਤੋਂ ਚੁਣੌਤੀ ਵਾਲੀ ਮੈਰਾਥਨ ਦੌੜ ਸੀ। ਇਸ ਨੂੰ ਪੂਰਾ ਕਰਨ ਨਾਲ ਇਹ ਸਾਬਤ ਹੋਇਆ ਕਿ ਜਦੋਂ ਅਸੀਂ ਆਪਣਾ ਪੱਕਾ ਮਨ ਬਣਾ ਲਈਏ ਤਾਂ ਅਸੀਂ ਕੁਝ ਵੀ ਕਰਨ ਦੇ ਸਮਰੱਥ ਹਾਂ।' ਸਫਲਤਾ ਲਈ ਕੋਚ ਦੀ ਸਿਖਲਾਈ ਅਤੇ ਪਰਿਵਾਰ ਦਾ ਸਮਰਥਨ ਜਸਦੀਪ ਨੇ ਸਿਖਲਾਈ ਵਿੰਡਸਰ ਤੋਂ ਹੀ ਟ੍ਰੇਨਰ ਡੇਵਿਡ ਸਟੀਵਰਟ ਤੋਂ ਲਈ, ਨਾਲ ਹੀ ਉਸਨੇ ਸਥਾਨਕ ਕੈਨੇਡੀਅਨ ਹੀਰੋ ਟੈਰੀ ਫੌਕਸ ਅਤੇ ਫੌਜੀ ਸੇਡਰਿਕ ਕਿੰਗ ਤੋਂ ਵੀ ਪ੍ਰੇਰਨਾ ਲਈ, ਜਿਨ੍ਹਾਂ ਨੇ ਅਫਗਾਨਿਸਤਾਨ ਵਿੱਚ ਸੇਵਾ ਕਰਦੇ ਹੋਏ ਆਪਣੀਆਂ ਦੋਵੇਂ ਲੱਤਾਂ ਗੁਆ ਦਿੱਤੀਆਂ ਸਨ ਅਤੇ ਹੁਣ ਉਹ ਪ੍ਰੋਸਥੈਟਿਕ (ਨਕਲੀ) ਲੱਤਾਂ ਫ਼#39;ਤੇ ਦੌੜਦੇ ਹਨ। ਜਸਦੀਪ ਨੇ ਆਪਣੀ ਸਫਲਤਾ ਦਾ ਸਿਹਰਾ ਆਪਣੇ ਪਰਿਵਾਰ - ਆਪਣੀ ਪਤਨੀ ਅਤੇ ਉਨ੍ਹਾਂ ਦੇ ਦੋ ਬੱਚਿਆਂ ਦੇ ਅਟੁੱਟ ਸਮਰਥਨ ਨੂੰ ਵੀ ਦਿੱਤਾ। ਉਹਨਾਂ ਕਿਹਾ, "ਪਰਿਵਾਰ ਦੇ ਉਤਸ਼ਾਹ ਨੇ ਮੈਨੂੰ ਸਾਰੇ ਮਹਾਂਦੀਪ ਵਿੱਚ ਮੈਰਾਥਨ ਦੌੜਨ ਦੀ ਚੁਣੌਤੀ ਨੂੰ ਪੂਰਾ ਕਰਨ ਵਿੱਚ ਮਦਦ ਕੀਤੀ। ਮੇਰੀ ਪਤਨੀ ਦੇ ਸਹਿਯੋਗ ਤੋਂ ਬਿਨਾਂ ਇਹ ਪ੍ਰਾਪਤੀ ਸੰਭਵ ਨਹੀਂ ਸੀ। ਮੇਰੇ ਬੱਚਿਆਂ ਨੂੰ ਫਿਨਿਸ਼ ਲਾਈਨ 'ਤੇ ਖੁਸ਼ੀ ਵਿੱਚ ਜਸ਼ਨ ਮਨਾਉਂਦੇ ਦੇਖਣਾ ਮੇਰੇ ਲਈ ਸਭ ਤੋਂ ਯਾਦਗਾਰ ਪਲਾਂ ਵਿੱਚੋ ਇੱਕ ਸੀ।" ਸਿੱਖ ਅਤੇ ਪੰਜਾਬੀ ਭਾਈਚਾਰੇ ਲਈ ਇੱਕ ਪ੍ਰੇਰਨਾ ਸੱਤ ਮਹਾਂਦੀਪਾਂ ਵਿੱਚ ਦਸਤਾਰ ਸਜਾ ਕੇ ਮੈਰਾਥਨ ਦੌੜਦਿਆਂ ਜਸਦੀਪ ਨੇ ਇਹ ਸਾਬਤ ਕੀਤਾ ਕਿ ਸਾਡੀ ਧਾਰਮਿਕ ਅਤੇ ਸਭਿਆਚਾਰਕ ਪਛਾਣ ਸਾਡੇ ਲਈ ਕਦੇ ਵੀ ਰੁਕਾਵਟ ਨਹੀਂ ਹੈ। ਉਹਨਾਂ ਕਿਹਾ ਫ਼ਤੁੱਟ;ਮੈਨੂੰ ਉਮੀਦ ਹੈ ਕਿ ਮੇਰਾ ਸਫ਼ਰ ਸਿੱਖ ਭਾਈਚਾਰੇ ਅਤੇ ਹੋਰਨਾਂ ਨੂੰ ਨਿਡਰਤਾ ਨਾਲ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕਰੇਗਾ। ਸਾਡੀ ਸਿੱਖ ਪਛਾਣ ਕੋਈ ਰੁਕਾਵਟ ਨਹੀਂ ਹੈ - ਇਹ ਇੱਕ ਤਾਕਤ ਹੈ, ਮਜ਼ਬੂਤ ਬਣੋ। ਜੇ ਮੈਂ ਇਹ ਕਰ ਸਕਦਾ ਹਾਂ, ਤਾਂ ਕੋਈ ਵੀ ਕਰ ਸਕਦਾ ਹੈ।" ਉਹਨਾਂ ਦਾ ਮੈਰਾਥਨ ਦੌੜਾਂ ਦਾ ਸਫਰ ਕਈ ਸਾਲ ਪਹਿਲਾਂ "ਯੂਨਾਈਟਿਡ ਸਿੱਖਸ ਆਫ਼ ਵਿੰਡਸਰ" ਸੰਸਥਾ ਨਾਲ ਸਮਾਜ ਸੇਵਾ ਦੇ ਕਾਰਜ ਲਈ 5 ਕਿਲੋਮੀਟਰ ਦੌੜ ਨਾਲ ਹੋਇਆ। ਬੀਤੇ ਸਾਲ ਜਸਦੀਪ ਅਤੇ ਉਸਦੀ ਟੀਮ ਨੇ ਕੈਂਸਰ ਤੋਂ ਪ੍ਰਭਾਵਿਤ ਪਰਿਵਾਰਾਂ ਅਤੇ ਬੱਚਿਆਂ ਦੀ ਮਦਦ ਲਈ $15,000 ਤੋਂ ਵੱਧ ਫੰਡ ਇਕੱਠੇ ਕੀਤੇ ਹਨ। ਉਹ ਫ਼ਤੁੱਟ;ਸਰਬੱਤ ਦਾ ਭੱਲਾਫ਼ਤੁੱਟ; ਦੇ ਸਿੱਖ ਸਿਧਾਂਤ 'ਤੇ ਚੱਲਦੇ ਹੋਏ ਟੈਰੀ ਫੌਕਸ ਫਾਊਂਡੇਸ਼ਨ, ਸੇਂਟ ਜੂਡਜ਼ ਚਿਲਡਰਨ ਹਸਪਤਾਲ ਅਤੇ ਕੇਅਰ ਇੰਟਰਨੈਸ਼ਨਲ ਵਰਗੇ ਚੈਰਿਟੀ ਪ੍ਰੋਗਰਾਮਾਂ ਨਾਲ ਵੀ ਜੁੜਿਆ ਹੈ।

## ਮੁੱਖ ਮੰਤਰੀ ਭਗਵੰਤ ਮਾਨ ਨੇ 10 ਫਰਵਰੀ ਨੂੰ ਪੰਜਾਬ ਕੈਬਨਿਟ ਦੀ ਮੀਟਿੰਗ ਸੱਦੀ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ 10 ਫਰਵਰੀ ਨੂੰ ਕੈਬਨਿਟ ਮੀਟਿੰਗ ਸੱਦੀ ਹੈ। ਇਸ ਵਰ੍ਹੇ ਦੀ ਪਹਿਲੀ ਕੈਬਨਿਟ ਮੀਟਿੰਗ ਸਵੇਰੇ 11 ਵਜੇ ਪੰਜਾਬ ਸਿਵਲ ਸਕੱਤਰੇਤ-1 'ਚ ਦੂਜੀ ਮੰਜ਼ਿਲ 'ਤੇ ਹੋਵੇਗੀ। ਪਹਿਲਾਂ ਸੂਬਾ ਸਰਕਾਰ ਨੇ ਕੈਬਨਿਟ ਦੀ ਮੀਟਿੰਗ 6 ਫਰਵਰੀ ਨੂੰ ਸੱਦੀ ਸੀ, ਪਰ ਕੁਝ ਸਮੇਂ ਬਾਅਦ ਹੀ ਤਰੀਕ ਬਦਲ ਕੇ 10 ਫਰਵਰੀ ਕਰ ਦਿੱਤੀ ਗਈ। ਪੰਜਾਬ ਸਰਕਾਰ ਨੇ ਅਜੇ ਤੱਕ ਕੈਬਨਿਟ ਮੀਟਿੰਗ ਦਾ ਏਜੰਡਾ ਜਾਰੀ ਨਹੀਂ ਕੀਤਾ। ਉਂਝ ਪੰਜਾਬ ਕੈਬਨਿਟ ਵੱਲੋਂ ਕਈ ਲੋਕ ਪੱਖੀ ਫੈਸਲੇ ਲਏ ਜਾ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਇਹ ਕੈਬਨਿਟ ਮੰਤਰੀ ਕਰੀਬ ਚਾਰ ਮਹੀਨੇ ਬਾਅਦ ਸੱਦੀ ਗਈ ਹੈ। ਇਸ ਤੋਂ ਪਹਿਲਾਂ 8 ਅਕਤੂਬਰ 2024 ਨੂੰ ਪੰਜਾਬ ਕੈਬਨਿਟ ਦੀ ਬੈਠਕ ਹੋਈ ਸੀ। ਅਗਲੇ ਮਹੀਨੇ ਹੋਣ ਵਾਲੀ ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਬੁਲਾਉਣ ਬਾਰੇ ਫ਼ੈਸਲਾ ਲਿਆ ਜਾ ਸਕਦਾ ਹੈ।

GTA
Plumbing & Electrical Supplies
GTA Plumbling & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

## ਸੌਣ ਤੋਂ ਪਹਿਲਾਂ ਚਿਹਰੇ 'ਤੇ ਲਗਾਓ ਵਿਟਾਮਿਨ-ਈ ਕੈਪਸੂਲ ਤੇ ਐਲੋਵੇਰਾ ਜੈਲ, ਸਕਿੰਨ ਸਬੰਧੀ 6 ਸਮੱਸਿਆਵਾਂ ਹੋ ਜਾਣਗੀਆਂ ਛੂਮੰਤਰ!




ਨਵੀਂ ਦਿੱਲੀ : ਸਕਿੰਨ ਦੀ ਦੇਖਭਾਲ ਲਈ ਕੁਦਰਤੀ ਇਲਾਜ ਦੀ ਪ੍ਰਸਿੱਧੀ ਲਗਾਤਾਰ ਵਧ ਰਹੀ ਹੈ। ਇਨ੍ਹਾਂ ਵਿਚ ਵਿਟਾਮਿਨ-ਈ ਕੈਪਸੂਲ ਤੇ ਐਲੋਵੇਰਾ ਜੈੱਲ ਵੀ ਸ਼ਾਮਲ ਹਨ। ਇਹ ਦੋਵੇਂ ਹੀ ਸਕਿੰਨ ਲਈ ਕਾਫੀ ਫਾਇਦੇਮੰਦ ਹਨ। ਇਨ੍ਹਾਂ ਦੋਵਾਂ ਨੂੰ ਮਿਲਾ ਕੇ ਇਸਤੇਮਾਲ ਕਰਨ ਨਾਲ ਸਕਿੰਨ ਨੂੰ ਕਈ ਤਰ੍ਹਾਂ ਦੇ ਫਾਇਦੇ ਮਿਲ ਸਕਦੇ ਹਨ। ਆਓ ਜਾਣਦੇ ਹਾਂ ਕਿਵੇਂ....

**ਵਿਟਾਮਿਨ-ਈ ਕੈਪਸੂਲ ਦੇ ਫਾਇਦੇ**

ਵਿਟਾਮਿਨ-ਈ ਇਕ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਹੈ ਜੋ ਸਕਿੰਨ ਨੂੰ ਫ੍ਰੀ ਰੈਡੀਕਲਜ਼ ਤੋਂ ਬਚਾਉਂਦਾ ਹੈ। ਇਹ ਮੁਫਤ ਰੈਡੀਕਲਜ਼ ਸਕਿੰਨ ਨੂੰ ਨੁਕਸਾਨ ਪਹੁੰਚਾਉਂਦੇ ਹਨ ਤੇ ਸਮੇਂ ਤੋਂ ਪਹਿਲਾਂ ਬੁੱਢਾ ਹੋਣ ਦਾ ਕਾਰਨ ਬਣ ਸਕਦੇ ਹਨ। ਵਿਟਾਮਿਨ-ਈ ਸਕਿੰਨ ਨੂੰ ਮੌਇਸਚਰਾਈਜ਼ ਕਰਨ ਤੇ ਹਾਈਡ੍ਰੇਟਿਡ ਰੱਖਣ ਵਿਚ ਮਦਦ ਕਰਦਾ ਹੈ। ਇਹ ਐਗਜ਼ੀਮਾ, ਸੋਰਾਇਸਿਸ ਵਰਗੀਆਂ ਸਕਿੰਨ ਸਬੰਧੀ ਸਮੱਸਿਆਵਾਂ ਘਟਾਉਣ 'ਚ ਵੀ ਮਦਦ ਕਰ ਸਕਦਾ ਹੈ।

**ਐਲੋਵੇਰਾ ਜੈੱਲ ਦੇ ਫਾਇਦੇ**

ਐਲੋਵੇਰਾ ਜੈੱਲ 'ਚ ਐਂਟੀ-ਇਨਫਲੇਮੇਟਰੀ, ਐਂਟੀਬੈਕਟੀਰੀਅਲ ਤੇ ਮੌਇਸਚਰਾਈਜ਼ਿੰਗ ਗੁਣ ਹੁੰਦੇ ਹਨ। ਇਹ ਸਕਿੰਨ ਨੂੰ ਸ਼ਾਂਤ ਕਰਦਾ ਹੈ, ਜਲਨ ਘਟਾਉਂਦਾ ਹੈ ਤੇ ਸਕਿੰਨ ਨੂੰ ਹਾਈਡ੍ਰੇਟ ਰੱਖਦਾ ਹੈ। ਐਲੋਵੇਰਾ ਜੈੱਲ ਮੁਹਾਸਿਆਂ, ਜਲਨ ਤੇ ਸਨ ਟੈਨ ਘਟਾਉਣ 'ਚ ਵੀ ਮਦਦ ਕਰ ਸਕਦਾ ਹੈ।

**ਵਿਟਾਮਿਨ-ਈ ਕੈਪਸੂਲ ਤੇ ਐਲੋਵੇਰਾ ਜੈੱਲ ਮਿਲਾ ਕੇ ਲਾਉਣ ਦੇ ਫਾਇਦੇ**

ਸਕਿੰਨ ਨੂੰ ਗਹਿਰਾਈ ਤੋਂ ਮੌਇਸਚਰਾਈਜ਼ ਕਰੇ- ਵਿਟਾਮਿਨ-ਈ ਤੇ ਐਲੋਵੇਰਾ ਜੈੱਲ ਦੋਵੇਂ ਹੀ ਸਕਿੰਨ ਨੂੰ ਗਹਿਰਾਈ ਤੋਂ ਮੌਇਸਚਰਾਈਜ਼ ਕਰਦੇ ਹਨ। ਇਹ ਸੁੱਕੀ ਤੇ ਰੁੱਖੀ ਸਕਿੰਨ ਲਈ ਖਾਸਤੌਰ 'ਤੇ ਫਾਇਦੇਮੰਦ ਹੈ। ਸਕਿੰਨ ਦੀ ਰੰਗਤ ਨਿਖਾਰੇ- ਵਿਟਾਮਿਨ-ਈ ਤੇ ਐਲੋਵੇਰਾ ਜੈਲ ਦੋਵੇਂ ਹੀ ਸਕਿੰਨ ਦੀ ਰੰਗਤ ਨੂੰ ਨਿਖਾਰਨ 'ਚ ਮਦਦ ਕਰਦੇ ਹਨ। ਇਹ ਦਾਗ-ਧੱਬਿਆਂ, ਪਿੰਗਮੈਂਟੇਸ਼ਨ ਤੇ ਕਾਲੇ ਘੇਰਿਆਂ ਨੂੰ ਘਟਾਉਣ 'ਚ ਮਦਦ ਕਰ ਸਕਦਾ ਹੈ।

**ਸਕਿੰਨ ਨੂੰ ਸ਼ਾਂਤ ਕਰੇ-** ਐਲੋਵੇਰਾ ਜੈੱਲ 'ਚ ਮੌਜੂਦ ਐਂਟੀ-ਇਨਫਲੇਮੇਟਰੀ ਗੁਣ ਸਕਿੰਨ ਨੂੰ ਸ਼ਾਂਤ ਕਰਦੇ ਹਨ ਤੇ ਸੋਜ ਘਟਾਉਂਦੇ ਹਨ। ਵਿਟਾਮਿਨ ਈ ਸਕਿੰਨ ਨੂੰ ਸਨ ਡੈਮੇਜ ਤੋਂ ਬਚਾਉਂਦਾ ਹੈ ਤੇ ਜਲਣ ਘਟਾਉਂਦਾ ਹੈ।

**ਸਕਿੰਨ ਨੂੰ ਮੁਲਾਇਮ ਤੇ ਚਮਕਦਾਰ ਬਣਾਏ -** ਵਿਟਾਮਿਨ ਈ ਤੇ ਐਲੋਵੇਰਾ ਜੈੱਲ ਦੋਵੇਂ ਹੀ ਸਕਿੰਨ ਨੂੰ ਨਰਮ ਤੇ ਚਮਕਦਾਰ ਬਣਾਉਂਦੇ ਹਨ। ਇਹ ਸਕਿੰਨ ਦੀ ਬਣਤਰ ਨੂੰ ਸੁਧਾਰਨ 'ਚ ਮਦਦ ਕਰ ਸਕਦਾ ਹੈ।

**ਸਕਿੰਨ ਨੂੰ ਜਵਾਨ ਬਣਾਈ ਰੱਖੇ —** ਵਿਟਾਮਿਨ ਈ ਤੇ ਐਲੋਵੇਰਾ ਜੈੱਲ ਦੋਵੇਂ ਸਕਿੰਨ ਨੂੰ ਜਵਾਨ ਰੱਖਣ 'ਚ ਮਦਦ ਕਰਦੇ ਹਨ। ਇਹ ਸਮੇਂ ਤੋਂ ਪਹਿਲਾਂ ਬੁਢਾਪੇ ਦੇ ਲੱਛਣਾਂ ਨੂੰ ਘਟਾਉਣ 'ਚ ਮਦਦ ਕਰ ਸਕਦਾ ਹੈ।

**ਮੁਹਾਸੇ ਘਟਾਏ-** ਵਿਟਾਮਿਨ ਈ ਤੇ ਐਲੋਵੇਰਾ ਜੈੱਲ ਦੋਵੇਂ ਹੀ ਮੁਹਾਸੇ ਘਟਾਉਣ 'ਚ ਮਦਦ ਕਰਦੇ ਹਨ। ਐਲੋਵੇਰਾ ਜੈੱਲ ਮੁਹਾਸਿਆਂ ਕਾਰਨ ਹੋਣ ਵਾਲੀ ਸੋਜ ਘਟਾਉਂਦੀ ਹੈ ਤੇ ਵਿਟਾਮਿਨ ਈ ਸਕਿੰਨ ਨੂੰ ਬੈਕਟੀਰੀਆ ਤੋਂ ਬਚਾਉਂਦਾ ਹੈ।

**ਵਿਟਾਮਿਨ-ਈ ਕੈਪਸੂਲ ਤੇ ਐਲੋਵੇਰਾ ਜੈੱਲ ਦੀ ਵਰਤੋਂ ਕਿਵੇਂ ਕਰੀਏ?**

**ਫੇਸ ਪੈਕ-** ਇਕ ਕਟੋਰੀ 'ਚ ਇੱਕ ਵਿਟਾਮਿਨ-ਈ ਕੈਪਸੂਲ ਤੇ ਇਕ ਚਮਚ ਐਲੋਵੇਰਾ ਜੈੱਲ ਮਿਲਾਓ। ਇਸ ਨੂੰ ਚੰਗੀ ਤਰ੍ਹਾਂ ਮਿਲਾਓ ਤੇ ਚਿਹਰੇ 'ਤੇ ਲਗਾਓ। 20-25 ਮਿੰਟ ਬਾਅਦ ਕੋਸੇ ਪਾਣੀ ਨਾਲ ਧੋ ਲਓ।

**ਰਾਤ ਨੂੰ ਮੋਇਸਚਰਾਈਜ਼ਰ -** ਰਾਤ ਨੂੰ ਸੌਣ ਤੋਂ ਪਹਿਲਾਂ ਆਪਣੇ ਚਿਹਰੇ ਨੂੰ ਸਾਫ਼ ਕਰੋ, ਵਿਟਾਮਿਨ-ਈ ਕੈਪਸੂਲ ਦਾ ਤੇਲ ਤੇ ਥੋੜ੍ਹਾ ਜਿਹਾ ਐਲੋਵੇਰਾ ਜੈੱਲ ਮਿਲਾ ਕੇ ਚਿਹਰੇ 'ਤੇ ਲਗਾਓ।

**ਅੱਖਾਂ ਦੇ ਹੇਠਾਂ-** ਅੱਖਾਂ ਹੇਠਲੀ ਕਾਲੀ ਸਕਿੰਨ ਨੂੰ ਘਟਾਉਣ ਲਈ ਰਾਤ ਨੂੰ ਸੌਣ ਤੋਂ ਪਹਿਲਾਂ ਅੱਖਾਂ ਦੇ ਹੇਠਾਂ ਵਿਟਾਮਿਨ ਈ ਦਾ ਤੇਲ ਤੇ ਐਲੋਵੇਰਾ ਜੈੱਲ ਲਗਾਓ।

**ਇਨ੍ਹਾਂ ਗੱਲਾਂ ਦਾ ਰੱਖੋ ਖ਼ਿਆਲ**

ਵਿਟਾਮਿਨ-ਈ ਕੈਪਸੂਲ ਤੇ ਐਲੋਵੇਰਾ ਜੈੱਲ ਦੀ ਵਰਤੋਂ ਕਰਨ ਤੋਂ ਪਹਿਲਾਂ, ਪੈਚ ਟੈਸਟ ਜ਼ਰੂਰ ਕਰੋ। ਜੇਕਰ ਤੁਹਾਨੂੰ ਕਿਸੇ ਵੀ ਸਮੱਗਰੀ ਤੋਂ ਐਲਰਜੀ ਹੈ ਤਾਂ ਇਸਦੀ ਵਰਤੋਂ ਨਾ ਕਰੋ।



# ਮਿਲੋ ਕਿੰਗ ਕ੍ਰੋਕ (ਮਗਰਮੱਛ) ਨੂੰ ਦ ਦੁਬਈ ਅੰਡਰਵਾਟਰ ਚਿੜੀਆਘਰ ਅੰਦਰ





ਦੁਬਈ ਐਕੁਏਰੀਅਮ ਦਾ ਅਲੱਗ ਹੀ ਅਨੁਭਵ: ਪ੍ਰੋਗਰਾਮ ਮੁਤਾਬਿਕ ਅੱਜ ਦੁਬਈ ਮਾਲ ਅੰਦਰ ਸਥਿਤ ਦ ਦੁਬਈ ਮਾਲ ਅੰਦਰ ਅੰਡਰਵਾਟਰ ਚਿੜਿਆਘਰ ਦਾ ਨਜ਼ਾਰਾ ਦੇਖਣ ਨੂੰ ਮਿਲਿਆ। ਇਸ 'ਚ 33,000 ਤੋਂ ਵੱਧ ਜਲਜੀ ਜਾਨਵਰਾਂ ਦੇ ਨਾਲ ਹਜ਼ਾਰਾਂ ਜਲ-ਜੀਵਾਂ ਦਾ ਘਰ ਹੈ, ਜਿਸ 'ਚ 140 ਤੋਂ ਵੱਧ ਕਿਸਮਾਂ ਹਨ। ਦੁਬਈ ਐਕੁਏਰੀਅਮ ਅਤੇ ਅੰਡਰਵਾਟਰ ਚਿੜਿਆਘਰ ਵਿਸ਼ਵ ਦੇ ਸੱਭ ਤੋਂ ਵੱਢੇ ਇਨਡੋਰ ਐਕੁਏਰੀਅਮ ਵਿੱਚੋਂ ਇੱਕ ਹੈ ਅਤੇ "ਦੁਨੀਆ ਦੇ ਸੱਭ ਤੋਂ ਵੱਡੇ ਐਕਰੀਲਿਕ ਪੈਨ" ਗਿਨੀਜ਼ ਵਰਲਡ ਰਿਕਾਰਡ ਰੱਖਦਾ ਹੈ।

ਅੰਡਰਵਾਟਰ ਚਿੜਿਆਘਰ ਦੀ ਵਿਸ਼ੇਸ਼ਤਾ ਕਿੰਗ ਕ੍ਰੋਕ ਹੈ, ਜਿਸਦਾ ਭਾਰ 750 ਕਿਲੋਗ੍ਰਾਮ ਹੈ ਅਤੇ 5 ਮੀਟਰ ਤੋਂ ਵੱਧ ਲੰਬਾਈ ਵਾਲੇ ਮਗਰਮੱਛ ਤੋਂ ਹੈ। ਕੁਈਨਜ਼ਲੈਂਡ ਆਸਟਰੇਲਿਆ ਤੋਂ ਸੇਫ ਵਾਤਾਵਰਣ 'ਚ ਸੱਭ ਤੋਂ ਵੱਡੇ ਸਰੀਪ ਜਾਨਵਰਾਂ ਵਿੱਚੋਂ ਇੱਕ ਹੈ, ਜੋ ਹੁਣ ਦੁਬਈ ਐਕੁਏਰੀਅਮ ਅਤੇ ਅੰਡਰਵਾਟਰ ਚਿੜਿਆਘਰ 'ਚ ਦੇਖ ਸਕਦੇ ਹੋ।

* ਸ਼ਾਰਕ ਐਨਕਾਊਂਟਰ: ਸ਼ਾਰਕ ਦੇ ਨਾਲ ਨਜ਼ਦੀਕ 'ਤੇ ਗੋਤਾਖੋਰੀ ਦੇ ਪਿੰਜਰੇ 'ਚ ਸੁਰੱਖਿਅਤ ਰੂਪ ਨਾਲ ਬੰਦ, ਗੋਤਾਖੋਰ ਸ਼ਾਰਕਾਂ ਨੂੰ ਆਪਣੇ ਵੱਲ ਲੁਭਾਉਣਗੇ ਤਾਂ ਜੋ ਤੁਸੀਂ ਇਹਨਾਂ ਸ਼ਾਨਦਾਰ ਰੇਤ ਟਾਈਗਰ ਸ਼ਾਰਕਾਂ ਨਾਲ ਆਹਮੋ-ਸਾਹਮਣੇ ਹੋਣ ਦੇ ਤਜ਼ਰਬੇ ਤੋਂ ਬਾਅਦ ਸਹੂਲਤਾਂ ਦਾ ਦੌਰਾ, ਬੇਬੀ ਸ਼ਾਰਕਾਂ ਨੂੰ ਫੀਡ ਕਰਨ ਅਤੇ ਸ਼ਾਰਕ ਪ੍ਰਜਨਨ ਬਾਰੇ ਸਿੱਖਣ ਦਾ ਮੌਕਾ ਮਿਲਦਾ ਹੈ। ਪਹਿਲੀ ਬਾਰ, ਇਸ ਨੂੰ ਹਰ ਵਿਅਕਤੀ ਲਈ ਪਹੁੰਚਯੋਗ ਬਣਾਉਣ ਲਈ ਗੋਤਾਖੋਰੀ ਦੇ ਤਜ਼ਰਬੇ ਦੀ ਲੋੜ ਨਹੀਂ ਹੈ।

* ਪਿੰਜਰੇ ਸਨੋਰਕੇਲਿੰਗ: 300 ਤੋਂ ਵੱਧ ਸ਼ਾਰਕ ਅਤੇ ਕਿਰਨਾਂ ਸਮੇਤ 70 ਤੋਂ ਵੱਧ ਵੱਖ-ਵੱਖ ਸਮੁੰਦਰੀ ਜਾਤੀਆਂ ਨੂੰ ਦੇਖਣ ਦਾ ਮੌਕਾ ਮਿਲਿਆ। ਜੇ ਤੁਸੀਂ ਪੂਰੀ ਤਰਾਂ ਗੋਤਾਖੋਰੀ ਨਹੀਂ ਕਰਨਾ ਚਾਹੁੰਦੇ, ਤਾਂ ਉਸੇ ਰੋਮਾਂਚਕ ਅਨੁਭਵ ਲਈ ਇੱਕ ਸੇਫ ਪਿੰਜਰੇ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਸ਼ਾਰਕ ਡਰਾਈਵਜ਼, ਦਸ-ਮਿਲੀਅਨ ਲਿਟਰ ਟੈਂਕ ਦੀ ਡੂੰਘਾਈ 'ਚ ਗੋਤਾਖੋਰੀ ਕਰਨ ਦਾ ਮੌਕਾ ਮਿਲਦਾ ਹੈ। ਪ੍ਰਮਾਣਿਤ ਅਤੇ ਗੈਰ-ਪ੍ਰਮਾਣਿਤ ਗੋਤਾਖੋਰਾਂ ਲਈ ਇੱਕ ਸਨੌਰਕਲਿੰਗ ਦਾ ਵੱਖਰਾ ਅਨੁਭਵ ਮਿਲਦਾ ਹੈ। ਸੈਂਡ ਟਾਈਗਰ ਸ਼ਾਰਕ ਦੇ ਸੱਭ ਤੋਂ ਵੱਡੇ ਸੰਗ੍ਰਹਿ ਦੇ ਨਾਲ ਇੱਕ ਨਿਜੀ ਮੁਕਾਬਕਾ।

* ਅਰਬੀ ਨਾਈਟ ਲਾਈਫ ਪ੍ਰਾਣੀਆਂ ਨੂੰ ਦੇਖਣ ਦਾ ਇੱਕ ਦੁਰਲੱਭ ਮੌਕਾ ਮਿਲਦਾ ਹੈ।

* ਜੀਵਨ ਭਰ 'ਚ ਇੱਕ ਬਾਰ ਸ਼ਾਰਕ, ਰੇ ਪੇਨਗੁਇਨ, ਓਟਰਸ ਵਗੈਰਾ ਨੂੰ ਭੋਜਨ ਦੇਣ ਦਾ ਮੌਕਾ।

* ਸ਼ਾਰਕ ਵਾਕਰ ਇੱਕ ਹੋਰ ਨਜ਼ਦੀਕੀ ਗਤੀਵਿਧੀ ਹੈ, ਜਿਸ 'ਚ ਐਕੁਏਰੀਅਮ 'ਚ ਗੋਤਾਖੋਰੀ ਦੁਆਰਾ ਸ਼ਾਰਕ, ਕਿਰਨਾਂ, ਅਤੇ ਵੱਖ-ਵੱਖ ਖੂਬਸੂਰਤ ਮੱਛੀਆਂ ਨੂੰ ਦੇਖ ਸਕਦੇ ਹੋ।

* ਪੀਏਡੀਆਈ ਪ੍ਰਮਾਣੀਕਰਣ ਦੇ ਨਾਲ 1-2 ਦਿਨ ਸਕੂਬਾ ਡਾਈਵਿੰਗ ਦੀ ਟ੍ਰੇਨਿੰਗ ਮਿਲ ਸਕਦੀ ਹੈ।

* ਸਕੂਬਾ ਡਾਈਵਿੰਗ ਅਤੇ ਸਪੈਸ਼ਲਿਟੀ ਡਾਈਵਜ਼: ਸ਼ੁਰੂਆਤ ਕਰਨ ਵਾਲਿਆਂ ਲਈ 2- ਦਿਨ ਸਕੂਬਾ ਡਾਈਵਿੰਗ ਕੋਰਸ ਲਈ ਸਾਈਨ ਅੱਪ ਕਰਕੇ ਅੰਤਰਰਾਸ਼ਟਰੀ ਤੌਰ 'ਤੇ ਮਾਨਤਾ ਪ੍ਰਾਪਤ ਦੁਆਰਾ ਇੱਕ ਪ੍ਰਮਾਣਿਤ ਗੋਤਾਖੋਰ ਬਣ ਸਕਦੇ ਹੋ। ਜੇਕਰ ਪਹਿਲਾਂ ਤੋਂ ਪੀਏਡੀਆਈ ਪ੍ਰਮਾਣਿਤ ਗੋਤਾਖੋਰ ਹੋ, ਤਾਂ 3 ਪੇਸ਼ੇਵਰ ਪੂਰਵ-ਪ੍ਰਵਾਣਿਤ ਪੀਏਡੀਆਈ ਡਿਸਟਿਕਟਿਵ ਸਪੈਸ਼ਲਿਟੀ ਕੋਰਸ 'ਚ ਦਾਖਲਾ ਲੈ ਕੇ ਗੋਤਾਖਰੀ, ਸ਼ਾਰਕ ਦੀ ਸੰਭਾਲ ਅਤੇ ਪਾਣੀ ਦੇ ਹੇਠਾਂ ਫੋਟੋਗ੍ਰਾਫੀ ਅਤੇ ਸ਼ਾਰਕ ਫੀਡਿੰਗ ਵਗੈਰਾ ਸ਼ਾਮਲ ਹਨ। ਪੀਏਡੀਆਈ ਸਰਟੀਫਾਈਡ ਨੂੰ ਮਾਸਟਰ ਸਕੂਬਾ ਦੇ ਤੌਰ 'ਤੇ ਜਾਣਿਆ ਜਾਂਦਾ ਹੈ।

* ਯੂਏਈ ਦੇ ਨਾਈਟ ਕ੍ਰੀਚਰਸ'ਚ ਕਈ ਕਿਸਮ ਦੇ ਜਾਨਵਰ, ਜੋ ਵਾੜੀਆਂ, ਪੱਥਰੀਲੇ ਪਹਾੜਾਂ ਅਤੇ ਰੇਤ ਦੇ ਟਿੱਬਿਆਂ ਦੇ ਮਾਰੂਥਲ ਵਾਤਾਵਰਣ 'ਚ ਪ੍ਰਫੁੱਲਿਤ ਹੁੰਦੇ ਹਨ। ਅਰਬੀ ਟੌਡਸ, ਫਲਾਂ ਦੇ ਚਮਗਿੱਦੜ, ਵਿਸ਼ਾਲ ਊਠ ਮੱਕੜੀ, ਬਿੱਛੂ, ਅਤੇ ਹੇਜਹੋਗਸ ਤੋਂ ਲੈ ਕੇ ਪਰਦੇ ਵਾਲੇ ਗਿਰਗਿਟ, ਡੱਡੂ, ਆਈਗੀਕੋਜ਼, ਸਜਾਵਟੀ ਸਪਾਈਨੀ ਟੇਲ ਲਿਜ਼ਰਡਸ ਅਤੇ ਚੀਸਮੈਨ ਗਰਬਿਲਜ਼ ਨੂੰ ਦੇਖ ਕੇ ਨਜ਼ਾਰਾ ਲੈ ਸਕਦੇ ਹੋ।



**Anil Dheer**
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)

* ਘਲਾਸ-ਬੌਟਮ ਰਾਈਡਜ਼-ਦੁਬਈ ਐਕੁਏਰੀਅਮ ਅਤੇ ਅੰਡਰਵਾਟਰ ਚਿੜਿਆਘਰ ਅੰਦਰ ਗਲਾਸਬੌਟਮ ਬੋਟ ਰਾਈਡਜ਼ ਦੁਆਰਾ ਐਕੁਏਰੀਅਮ ਦੇ ਸ਼ਾਨਦਾਰ ਦ੍ਰਿਸ਼ ਦਾ ਨਜ਼ਾਰਾ ਲੈ ਸਕਦੇ ਹੋ।

* ਵਰਜ਼ੂ: ਇੱਕ ਨਿਵੇਕਲਾ ਅਨੁਭਵ ਪੂਰੀ ਤਰਾਂ ਇਮਰਸਿਵ ਵੀਆਰ ਰਾਹੀਂ ਯੂਗਾਂਡਾ ਦੇ ਗੋਰੀਲਾ, ਮਾਲਦੀਵ 'ਚ ਵੇਲ ਸ਼ਾਰਕ ਅਤੇ ਦੱਖਣੀ ਅਫਰੀਕਾ 'ਚ ਹਾਥੀਆਂ ਵਰਗੀਆਂ ਕੁਦਰਤੀ ਨਿਵਾਸ ਸਥਾਨਾਂ 'ਚ ਖਤਰੇ 'ਚ ਰਹਿਣ ਵਾਲੀਆਂ ਜਾਤੀਆਂ ਨਾਲ ਨਜ਼ਦੀਕੀ ਮੁਲਾਕਾਤ ਕਰਕੇ ਅਨੰਦ ਲਵੋ।

* ਵਿਸ਼ਾਲ ਪੈਸੀਫਿਕ ਆਕਟੋਪਸ ਕੋਲ ਦੁਬਈ ਐਕੁਏਰੀਅਮ 'ਚ ਤੈਰਾਕੀ ਕਰਨ ਲਈ ਕਾਫੀ ਥਾਂ ਹੋ ਸਕਦੀ ਹੈ, ਪਰ ਤੁਹਾਨੂੰ ਹੋਰ ਰੰਗੀਨ ਸਮੁੰਦਰੀ ਜੀਵਨ ਦੇ ਵਿਚਕਾਰ ਇਸ ਨੂੰ ਲੱਭਣ ਲਈ ਆਪਣੀਆਂ ਅੱਖਾਂ ਨੂੰ ਦਬਾਉਣ ਦੀ ਲੋੜ ਹੋ ਸਕਦੀ ਹੈ। ਹਾਲਾਂਕਿ ਇਹ ਲੰਬਾਈ 'ਚ 4.3 ਮੀਟਰ ਤੱਕ ਵੱਧ ਸਕਦਾ ਹੈ। ਇਹ ਹੱਡੀ ਰਹਿਤ ਪ੍ਰਾਣੀ ਆਪਣੇ ਆਪ ਨੂੰ ਵਿਸ਼ਾਲ ਟੈਂਕ 'ਚ ਲਗਭਗ ਕਿਸੇ ਵੀ ਦਰਾਰ 'ਚ ਸਲਾਟ ਕਰ ਸਕਦਾ ਹੈ। ਇਸ ਨੂੰ ਲੱਭਣਾ ਹੋਰ ਵੀ ਔਖਾ ਬਣਾਉਣਾ ਇਹ ਤੱਥ ਹੈ ਕਿ ਇਹ ਇੱਕ ਸਕਿੰਟ ਦੇ ਸਿਰਫ ਦਸਵੇਂ ਹਿੱਸੇ 'ਚ ਆਪਣਾ ਰੰਗ ਬਦਲ ਸਕਦਾ ਹੈ। ਤੇਜ਼ ਅਤੇ ਪ੍ਰਭਾਵੀ ਛਲਾਵਾ ਜੋ ਤੁਹਾਡੀ ਨਜ਼ਰ 'ਤੇ ਸਵਾਲ ਉਠਾ ਸਕਦਾ ਹੈ।

* ਜੇ ਡਰਾਉਣੇ ਕ੍ਰੋਲੀਜ਼ ਬਾਰੇ ਗੱਲ ਕਰੀਏ ਤਾਂ ਦੁਨੀਆ ਦੇ ਸੱਭ ਤੋਂ ਵੱਡੇ ਕ੍ਰਸਟੇਸ਼ੀਅਨ, ਵਿਸ਼ਾਲ ਮੱਕੜੀ ਦੇ ਕੇਕੜੇ ਆਪਣੀਆਂ ਲੱਤਾਂ ਨੂੰ ਫੈਲਾ ਕੇ ਲਗਭਗ ਚਾਰ ਮੀਟਰ ਲੰਬੇ ਹੋ ਸਕਦੇ ਹਨ। ਉਨਾਂ ਨੂੰ ਦੁਬਈ ਐਕੁਏਰੀਅਮ ਵਿਖੇ ਚੱਟਾਨ ਦੀਆਂ ਚਟਾਨਾਂ ਦੇ ਨਾਲ ਸਟਿਲਟ-ਵਾਕਰਾਂ ਵਾਂਗ ਘੁੰਮਦੇ ਦੇਖ ਸਕਦੇ ਹੋ, ਜਿੱਥੇ ਉਹ ਆਪਣੇ ਸਾਥੀ ਸਮੁੰਦਰੀ ਦੋਸਤਾਂ ਨਾਲ ਇਕਰੁਸਤਾ 'ਚ ਰਹਿੰਦੇ ਹਨ। ਹਾਲਾਂਕਿ ਇਹਨਾਂ ਰਹੱਸਮਈ, ਲੰਬੇ ਪੈਰਾਂ ਵਾਲੇ ਪ੍ਰਾਣੀਆਂ ਬਾਰੇ ਬਹੁਤ ਘੱਟ ਜਾਣਿਆ ਜਾਂਦਾ ਹੈ।। ਪਰ ਅਸੀਂ ਜਾਣਦੇ ਹਾਂ ਕਿ ਉਹ ਲਗਭਗ 100 ਸਾਲ ਤੱਕ ਜਿੰਦਾ ਰਹਿ ਸਕਦੇ ਹਨ।

* ਚਿੜਿਆਘਰ ਅੰਦਰ ਓਟਰਸ ਨਿਸ਼ਚਤ ਤੌਰ 'ਤੇ ਦੁਬਈ ਮਾਲ ਵਿਖੇ ਦੇਖਣ ਲਈ ਇੱਕ ਡਬਲਯੂ-ਪ੍ਰੇਰਿਤ ਜਲ-ਜੰਤੂ ਹਨ। ਉਹਨਾਂ ਕੋਲ ਸੱਭ ਤੋਂ ਸੰਘਣੀ ਫਰ ਹੁੰਦੀ ਹੈ। ਉਹ ਤੈਰਣ ਤੋਂ ਬਚਣ ਲਈ ਆਪਣੀ ਨੀਂਦ 'ਚ ਆਪਣੇ ਪੈਰਾਂ ਨੂੰ ਹੋਰ ਸਮੁੰਦਰੀ ਓਟਰਾਂ ਨਾਲ ਉਲਝਾਉਂਦੇ ਹਨ। ਅੰਡਰਵਾਟਰ ਚਿੜਿਆਘਰ 'ਚ ਪ੍ਰਸਿੱਧ ਓਟਰ, ਚੰਚਲ ਪ੍ਰਾਣੀਆਂ ਦਾ ਐਨਕਾਉਂਟਰ ਦੇਖਣ ਨੂੰ ਮਿਲ ਸਕਦਾ ਹੈ। ਇਹਨਾਂ ਦੇ ਕੇਅਰ ਟੇਕਰਾਂ-ਨਾਲ ਭੋਜਨ ਦੇ ਨਾਲ-ਨਾਲ ਟ੍ਰੀਟ ਦਿੰਦੇ ਹੋਏ ਨਜ਼ਾਰਾ ਦੇਖ ਸਕਦੇ ਹੋ।

















# ਮਸ਼ਹੂਰ Influencer ਨੇ ਨੀਰੂ ਬਾਜਵਾ ਨੂੰ ਕਿਹਾ– 'ਇਹ ਨੀ ਹੁੰਦੀ ਬੁੱਢੀ...'



ਪੰਜਾਬੀ ਅਦਾਕਾਰਾ ਨੀਰੂ ਬਾਜਵਾ ਪੰਜਾਬੀ ਸਿਨੇਮਾ ਦੀ ਰਾਣੀ ਹੈ। ਉਨ੍ਹਾਂ ਨੇ ਪਿਛਲੇ ਸਾਲ ਬੈਕ-ਟੂ-ਬੈਕ 3 ਸ਼ਾਨਦਾਰ ਫ਼ਿਲਮਾਂ ਦਿੱਤੀਆਂ, ਜਿੰਨ੍ਹਾਂ ਨੂੰ ਪ੍ਰਸ਼ੰਸਕਾਂ ਦੁਆਰਾ ਕਾਫੀ ਪਸੰਦ ਕੀਤਾ ਗਿਆ। ਇਸ ਦੇ ਨਾਲ ਹੀ ਨੀਰੂ ਬਾਜਵਾ ਦੀ ਇੱਕ ਫ਼ਿਲਮ ਨੇ ਤਾਂ 100 ਕਰੋੜ ਤੋਂ ਜ਼ਿਆਦਾ ਦੀ ਕਮਾਈ ਕਰਕੇ ਇਤਿਹਾਸ ਰਚ ਦਿੱਤਾ। ਹੁਣ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਕਾਫੀ ਵਾਇਰਲ ਹੋ ਰਹੀ ਹੈ, ਜਿਸ 'ਚ ਇੱਕ ਸੋਸ਼ਲ ਮੀਡੀਆ ਸਟਾਰ ਨੀਰੂ ਬਾਜਵਾ ਦੀ ਸੁੰਦਰਤਾ ਬਾਰੇ ਕਾਫੀ ਕੁਝ ਕਹਿੰਦਾ ਨਜ਼ਰੀ ਆ ਰਿਹਾ ਹੈ।

ਦਰਅਸਲ, ਇਹ ਵੀਡੀਓ ਇੰਸਟਾਗ੍ਰਾਮ 'ਤੇ ਸਾਰਿਆਂ ਨੂੰ ਰੋਸਟ ਵਾਲੇ ਸੋਸ਼ਲ ਮੀਡੀਆ ਪ੍ਰਭਾਵਕ ਅਨਮੋਲ ਸਿੰਘ ਦੁਆਰਾ ਸਾਂਝੀ ਕੀਤੀ ਗਈ ਹੈ। ਵੀਡੀਓ ਨੂੰ ਸਾਂਝਾ ਕਰਦੇ ਹੋਏ ਉਨ੍ਹਾਂ ਨੇ ਸਭ ਤੋਂ ਪਹਿਲਾਂ ਨੀਰੂ ਬਾਜਵਾ ਅਤੇ ਅੰਮ੍ਰਿਤ ਮਾਨ ਦੇ ਨੱਚਦੇ ਹੋਇਆ ਦੀ ਕਲਿੱਪ ਸਾਂਝੀ ਕੀਤੀ ਅਤੇ ਨਾਲ ਹੀ ਲਿਖਿਆ, "ਕੁੜੀ ਕਾਹਦੀ ਇਹ ਤਾਂ ਗੁਲਾਬ ਦਾ ਫੁੱਲ ਹੀ ਹੈ, ਗੁਰਦਾਸ ਮਾਨ ਤੋਂ ਲੈ ਕੇ ਹਰਭਜਨ ਮਾਨ, ਅੰਮ੍ਰਿਤ ਮਾਨ ਤੱਕ ਫ਼ਿਲਮਾਂ ਕੀਤੀਆਂ, ਮਜਾਲ ਹੈ ਕਿ ਬੁੱਢੀ ਹੋਈ ਹੋਵੇ, ਰੱਬ ਤਾਂ ਇਹ ਦਾ ਬਟਨ ਹੀ ਲਾਉਣਾ ਭੁੱਲ ਗਿਆ ਬੁੱਢਿਆਂ ਵਾਲਾ।"

ਵੀਡੀਓ 'ਚ ਉਸ ਨੇ ਅੱਗੇ ਕਿਹਾ, "ਮੇਰੇ ਉਮਰ 22 ਸਾਲ ਹੋ ਗਈ ਹੈ ਅਤੇ ਜਦੋਂ ਦਾ ਮੈਂ ਇਸ ਨੂੰ ਦੇਖ ਰਿਹਾ ਹਾਂ, ਉਸ ਸਮੇਂ ਮੇਰੀ ਦਾੜ੍ਹੀ ਵੀ ਨਹੀਂ ਸੀ, ਇਹ ਟਸ ਤੋਂ ਮਸ ਨਹੀਂ ਹੋਈ। ਜੇਕਰ ਮੈਂ 72 ਸਾਲ ਦਾ ਹੋ ਜਾਵਾਂਗਾ ਤਾਂ ਵੀ ਇਹ ਇਸੇ ਤਰ੍ਹਾਂ ਦੀ ਦਿਖੇਗੀ।" ਇਸ ਦੇ ਨਾਲ ਹੀ ਉਸ ਨੇ ਕੈਪਸ਼ਨ 'ਚ "ਵੱਡਾ ਫੈਨ ਮੈਮ ਦਾ" ਵੀ ਲਿਖਿਆ ਹੈ।

ਹੁਣ ਇਸ ਵੀਡੀਓ ਉਤੇ ਪ੍ਰਸ਼ੰਸਕਾਂ ਦੀਆਂ ਕਈ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ। ਇੱਕ ਨੇ ਲਿਖਿਆ, "ਇਹ ਨੀ ਬੁੱਢੀ ਹੁੰਦੀ, ਸਾਡੇ ਧੌਲੇ ਆ ਗਏ, ਇਹ ਉਸੇ ਤਰ੍ਹਾਂ ਦੀ ਹੀ ਪਈ ਹੈ।" ਇਸ ਤੋਂ ਇਲਾਵਾ ਹੋਰ ਬਹੁਤ ਸਾਰਿਆਂ ਨੇ ਲਾਲ ਦਿਲ ਦਾ ਇਮੋਜੀ ਸਾਂਝਾ ਕੀਤਾ ਅਤੇ ਕਈਆਂ ਨੇ ਹੱਸਣ ਵਾਲੇ ਇਮੋਜੀ ਵੀ ਸਾਂਝੇ ਕੀਤੇ ਹਨ।

ਨੀਰੂ ਬਾਜਵਾ ਦੇ ਵਰਕਫਰੰਟ ਦੀ ਗੱਲ ਕਰੀਏ ਤਾਂ ਨੀਰੂ ਬਾਜਵਾ ਇਸ ਸਮੇਂ ਕਈ ਫ਼ਿਲਮਾਂ ਨੂੰ ਲੈ ਕੇ ਚਰਚਾ 'ਚ ਹੈ, ਜਿਸ 'ਚ 'ਫੱਫੇ ਕੁੱਟਣੀਆਂ' ਵਰਗੀਆਂ ਫ਼ਿਲਮਾਂ ਸ਼ਾਮਲ ਹਨ। ਇਸ ਤੋਂ ਇਲਾਵਾ ਅਦਾਕਾਰਾ ਬਾਲੀਵੁੱਡ ਫ਼ਿਲਮ 'ਸੰਨ ਆਫ ਸਰਦਾਰ 2' ਨੂੰ ਲੈ ਕੇ ਵੀ ਚਰਚਾ 'ਚ ਹੈ, ਜੋ ਇਸ ਸਾਲ ਰਿਲੀਜ਼ ਹੋਣ ਦੀ ਉਮੀਦ ਹੈ।

# ਫ਼ਿਲਮਾਂ ਤੋਂ ਬਾਅਦ ਜੈ ਰੰਧਾਵਾ ਨੇ ਆਪਣੇ ਨਾਂ ਕੀਤਾ ਇਹ ਨਵਾਂ ਰਿਕਾਰਡ







ਚੰਡੀਗੜ੍ਹ-ਪੰਜਾਬੀ ਸਿਨੇਮਾ ਦੇ ਖੇਤਰ 'ਚ ਨਵੇਂ ਸਿਰਜਦੇ ਜਾ ਰਹੇ ਹਨ ਸਟਾਰ ਅਦਾਕਾਰ ਜੈ ਰੰਧਾਵਾ, ਜਿਨ੍ਹਾਂ ਨੇ ਪਾਲੀਵੁੱਡ ਦੇ ਇਤਿਹਾਸ 'ਚ ਇੱਕ ਹੋਰ ਅਧਿਆਏ ਕਾਇਮ ਕਰਦੇ ਹੋਏ 'ਲਿਮਕਾ ਬੁੱਕ ਰਿਕਾਰਡ' 'ਚ ਆਪਣਾ ਨਾਂਅ ਦਰਜ ਕਰਵਾ ਲਿਆ ਹੈ, ਜੋ ਉਨ੍ਹਾਂ ਵੱਲੋਂ ਦੁਬਈ ਦੇ 13000 ਫੀਟ ਉੱਚੇ ਅਕਾਸ਼ 'ਚ ਅਪਣੀ ਨਵੀਂ ਫਿਲਮ 'ਬਦਨਾਮ' ਦਾ ਪੋਸਟਰ ਜਾਰੀ ਕਰਕੇ ਬਣਾਇਆ ਗਿਆ ਹੈ।

'ਦੇਸੀ ਜੰਕਸ਼ਨ ਫਿਲਮਜ਼' ਅਤੇ 'ਜਬ ਸਟੂਡਿਓਜ਼' ਵੱਲੋਂ ਪੇਸ਼ ਕੀਤੀ ਜਾ ਰਹੀ ਉਕਤ ਫਿਲਮ ਦਾ ਸਟੋਰੀ ਅਤੇ ਡਾਇਲਾਗ ਲੇਖਨ ਜੱਸੀ ਲੋਹਕਾ, ਜਦਕਿ ਸਕ੍ਰੀਨ ਪਲੇਅ ਸਿਧਾਰਥ ਗਰਿਮਾ ਦੁਆਰਾ ਕੀਤਾ ਗਿਆ ਹੈ, ਜਦਕਿ ਨਿਰਦੇਸ਼ਨ ਜ਼ਿੰਮੇਵਾਰੀ ਨੂੰ ਮੁਨੀਸ਼ ਭੱਟ ਵੱਲੋਂ ਅੰਜ਼ਾਮ ਦਿੱਤਾ ਗਿਆ ਹੈ, ਜਿਨ੍ਹਾਂ ਦੀ ਜੈ ਰੰਧਾਵਾ ਨਾਲ ਬਤੌਰ ਨਿਰਦੇਸ਼ਕ ਬੈਕ-ਟੂ-ਬੈਕ ਇਹ ਚੌਥੀ ਫਿਲਮ ਹੈ। ਪਾਲੀਵੁੱਡ ਦੇ ਫਿਲਮ ਖੇਤਰ 'ਚ ਜੈ ਰੰਧਾਵਾ ਨੇ ਪਹਿਲੇ ਐਸੇ ਅਦਾਕਾਰ ਹੋਣ ਦਾ ਮਾਣ ਅਪਣੀ ਝੋਲੀ ਪਾ ਲਿਆ ਹੈ, ਜਿਨ੍ਹਾਂ ਦੁਆਰਾ ਸੱਚੇ ਹੀਰੋ ਵਜੋਂ ਆਪਣੇ ਵਜ਼ੂਦ ਦਾ ਅਹਿਸਾਸ ਆਪਣੇ ਚਾਹੁੰਣ ਵਾਲਿਆਂ ਅਤੇ ਸਿਨੇਮਾ ਦਰਸ਼ਕਾਂ ਨੂੰ ਕਰਵਾਉਂਦਿਆਂ ਫਲਾਈ ਜੋਨ 'ਚ ਜਾ ਕੇ ਹੌਂਸਲੇ ਅਤੇ ਦਲੇਰੀ ਭਰੇ ਉਕਤ ਕਾਰਨਾਮੇ ਨੂੰ ਸਫਲਤਾਪੂਰਵਕ ਅੰਜ਼ਾਮ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਇਸ ਮਲਟੀ-ਸਟਾਰਰ ਅਤੇ ਐਕਸ਼ਨ ਭਰਪੂਰ ਫਿਲਮ ਦਾ ਮਸ਼ਹੂਰ ਹਿੰਦੀ ਸਿਨੇਮਾ ਅਦਾਕਾਰ ਮੁਕੇਸ਼ ਰਿਸ਼ੀ ਵੀ ਖਾਸ ਆਕਰਸ਼ਨ ਹੋਣਗੇ, ਜੋ ਮੇਨ ਵਿਲੇਨ ਦੇ ਤੌਰ ਉਤੇ ਅਪਣੀ ਉਪ-ਸਥਿਤੀ ਦਰਜ ਕਰਵਾਉਣਗੇ। 28 ਫ਼ਰਵਰੀ ਨੂੰ ਵਰਲਡ-ਵਾਈਡ ਜਾਰੀ ਕੀਤੀ ਜਾ ਰਹੀ ਇਸ ਫਿਲਮ ਨੂੰ ਕਾਫ਼ੀ ਵੱਡੇ ਸਕੇਲ ਅਧੀਨ ਰਿਲੀਜ਼ ਕੀਤਾ ਜਾ ਰਿਹਾ ਹੈ।

# ਬਿਨਾ ਕਸਰਤ ਕੀਤੇ ਸ਼ਹਿਨਾਜ਼ ਗਿੱਲ ਨੇ ਘਟਾਇਆ 12 ਕਿਲੋ ਭਾਰ



ਪੰਜਾਬ ਦੀ ਕੈਟਰੀਨਾ ਕੈਫ ਸ਼ਹਿਨਾਜ਼ ਕੌਰ ਗਿੱਲ ਅੱਜ ਆਪਣਾ 32ਵਾਂ ਜਨਮਦਿਨ ਸੈਲੀਬ੍ਰੇਟ ਕਰ ਰਹੀ ਹੈ। ਇਸ ਮੌਕੇ ਸ਼ਹਿਨਾਜ਼ ਗਿੱਲ ਦੇ ਭਰਾ ਸ਼ਹਿਬਾਜ਼ ਨੇ ਭੈਣ ਨੂੰ ਖ਼ਾਸ ਤਰੀਕੇ ਨਾਲ ਜਨਮਦਿਨ ਦੀ ਵਧਾਈ ਦਿੱਤੀ ਹੈ। ਉਨ੍ਹਾਂ ਨੇ ਆਪਣੀ ਭੈਣ ਸ਼ਹਿਨਾਜ਼ ਨੂੰ ਅੱਧੀ ਰਾਤ ਕੇਕ ਲਿਆ ਕੇ ਸਰਪ੍ਰਾਈਜ਼ ਦਿੱਤਾ। ਉਨ੍ਹਾਂ ਨੇ ਆਪਣੇ ਇੰਸਟਾ ਸਟੋਰੀ 'ਤੇ ਕੁਝ ਪੋਸਟਾਂ ਸ਼ੇਅਰ ਕੀਤੀਆਂ ਹਨ, ਜਿਨ੍ਹਾਂ 'ਚ ਉਹ ਕੇਕ ਕੱਟਦੀ ਨਜ਼ਰ ਆ ਰਹੀ ਹੈ।



ਦੱਸ ਦਈਏ ਕਿ ਪੰਜਾਬੀ ਫ਼ਿਲਮਾਂ ਅਤੇ ਮਿਊਜ਼ਿਕ ਵੀਡੀਓਜ਼ ਰਾਹੀਂ ਟੀ. ਵੀ. ਦੇ ਸਭ ਤੋਂ ਵਿਵਾਦਤ ਰਿਐਲਿਟੀ ਸ਼ੋਅ 'ਬਿੱਗ ਬੌਸ' 'ਚ ਪਹੁੰਚਣ ਵਾਲੀ ਪੰਜਾਬ ਦੀ ਕੈਟਰੀਨਾ ਕੈਫ ਸ਼ਹਿਨਾਜ਼ ਕੌਰ ਗਿੱਲ ਕਿਸੇ ਨਾ ਕਿਸੇ ਕਾਰਨ ਸੁਰਖੀਆਂ 'ਚ ਬਣੀ ਰਹਿੰਦੀ ਹੈ। ਸ਼ਹਿਨਾਜ਼ ਕੌਰ ਗਿੱਲ ਸੋਸ਼ਲ ਮੀਡੀਆ 'ਤੇ ਕਾਫ਼ੀ ਸਰਗਰਮ ਰਹਿੰਦੀ ਹੈ ਅਤੇ ਆਪਣੇ ਪ੍ਰਸ਼ੰਸਕਾਂ ਨਾਲ ਦਿਲਚਸਪ ਪੋਸਟਾਂ ਸਾਂਝੀਆਂ ਕਰਦੀ ਰਹਿੰਦੀ ਹੈ।

**6 ਮਹੀਨਿਆਂ 'ਚ ਘਟਾਇਆ 12 ਕਿਲੋਗ੍ਰਾਮ ਭਾਰ**

ਸ਼ਹਿਨਾਜ਼ ਦੀਆਂ ਗਲੈਮਰਸ ਤਸਵੀਰਾਂ ਦੀ ਹਮੇਸ਼ਾ ਹੀ ਚਰਚਾ ਹੁੰਦੀ ਹੈ। ਲੋਕ ਸ਼ਹਿਨਾਜ਼ ਦੀ ਬਦਲੇ ਲੁੱਕ ਨੂੰ ਵੇਖ ਕੇ ਹੈਰਾਨ ਹੋ ਜਾਂਦੇ ਨੇ। ਇੱਕ ਇੰਟਰਵਿਊ ਦੌਰਾਨ ਸ਼ਹਿਨਾਜ਼ ਨੇ ਖ਼ੁਦ ਦੱਸਿਆ ਸੀ ਕਿ ਉਸ ਨੇ ਇਹ ਤਬਦੀਲੀ ਕਿਵੇਂ ਕੀਤੀ। ਸ਼ਹਿਨਾਜ਼ ਨੇ ਕਿਹਾ ਸੀ ਕਿ ਉਸ ਨੇ ਸਿਰਫ਼ 6 ਮਹੀਨਿਆਂ 'ਚ 12 ਕਿਲੋਗ੍ਰਾਮ ਭਾਰ ਘਟਾਇਆ ਸੀ। ਆਪਣੇ-ਆਪ ਨੂੰ ਪੰਜਾਬ ਦੀ ਕੈਟਰੀਨਾ ਕੈਫ ਦੱਸਣ ਵਾਲੀ ਸ਼ਹਿਨਾਜ਼ ਹੁਣ ਫਿਟਨੈਸ ਦੇ ਮਾਮਲੇ 'ਚ ਵੀ ਕੈਟਰੀਨਾ ਨਾਲ ਮੁਕਾਬਲਾ ਕਰ ਰਹੀ ਹੈ। ਤਾਲਾਬੰਦੀ ਦੌਰਾਨ ਸ਼ਹਿਨਾਜ਼ ਦਾ 12 ਕਿੱਲੋ ਭਾਰ ਘੱਟ ਗਿਆ। ਇਹ ਗੱਲ ਉਸ ਨੇ ਖ਼ੁਦ ਈ-ਟਾਈਮਜ਼ ਨਾਲ ਗੱਲਬਾਤ ਦੌਰਾਨ ਦੱਸੀ ਸੀ।

**ਭਾਰ ਘਟਾ ਕੇ ਸਾਰਿਆਂ ਨੂੰ ਦਿੱਤਾ ਮੂੰਹਤੋੜ ਜਵਾਬ**

ਸ਼ਹਿਨਾਜ਼ ਗਿੱਲ ਦਾ ਕਹਿਣਾ ਸੀ ਕਿ 'ਬਿੱਗ ਬੌਸ 13' ਦੌਰਾਨ ਮੇਰੇ ਭਾਰ ਨੂੰ ਲੈ ਕੇ ਗੱਲਾਂ ਹੁੰਦੀਆਂ ਸਨ। ਇਸ ਲਈ ਮੈਂ ਭਾਰ ਘਟਾ ਕੇ ਸਾਰਿਆਂ ਨੂੰ ਜਵਾਬ ਦੇਣ ਦਾ ਫ਼ੈਸਲਾ ਕੀਤਾ ਸੀ। ਉਸ ਨੇ ਕਿਹਾ- "ਵੇਖੋ ਤਾਲਾਬੰਦੀ ਚੱਲ ਰਹੀ ਹੈ। ਬਹੁਤ ਸਾਰੇ ਕੰਮ ਰੁਕੇ ਪਏ ਹਨ। ਇਸ ਲਈ ਮੈਂ ਸੋਚਿਆ ਕਿ ਕਿਉਂ ਨਾ ਭਾਰ ਘੱਟ ਕੀਤਾ ਜਾਵੇ? ਕੁਝ ਲੋਕਾਂ ਨੇ 'ਬਿੱਗ ਬੌਸ 13' 'ਚ ਮੇਰੇ ਭਾਰ ਦਾ ਮਜ਼ਾਕ ਉਡਾਇਆ ਸੀ। ਮੈਂ ਸੋਚਿਆ ਕਿ ਮੈਂ ਲੋਕਾਂ ਨੂੰ ਦਿਖਾਵਾਂ ਕਿ ਮੈਂ ਵੀ ਪਤਲੀ ਹੋ ਸਕਦੀ ਹਾਂ। ਭਾਰ ਘਟਾਉਣਾ ਮੁਸ਼ਕਿਲ ਨਹੀਂ ਹੈ, ਜੇ ਤੁਸੀਂ ਸੱਚਮੁੱਚ ਇਹ ਕਰਨਾ ਚਾਹੁੰਦੇ ਹੋ ਤਾਂ।"

**67 ਕਿੱਲੋ ਤੋਂ ਆਈ 55 ਕਿੱਲੋ 'ਤੇ**

ਇਸ ਗੱਲਬਾਤ ਦੌਰਾਨ ਸ਼ਹਿਨਾਜ਼ ਨੇ ਦੱਸਿਆ ਕਿ ਕਿਵੇਂ ਉਸ ਨੇ ਆਪਣੀ ਰੁਟੀਨ ਦੀ ਖ਼ੁਰਾਕ ਦੀ ਪਾਲਣਾ ਕੀਤੀ। ਉਸ ਨੇ ਆਈਸ ਕਰੀਮ, ਚਾਕਲੇਟ ਅਤੇ ਨਾਨ-ਵੇਜ ਖਾਣਾ ਬੰਦ ਕਰਨਾ ਪਿਆ ਸੀ। ਉਹ ਦਿਨ ਵਿਚ ਸਿਰਫ਼ ਇਕ ਜਾਂ ਦੋ ਚੀਜ਼ਾਂ ਹੀ ਖਾਂਦੀ ਸੀ ਅਤੇ ਉਸ ਨੂੰ ਖਾਣੇ ਦੀ ਮਾਤਰਾ ਨੂੰ ਘਟਾਉਣਾ ਪਿਆ ਸੀ। ਸ਼ਹਿਨਾਜ਼ ਦਾ ਭਾਰ 67 ਕਿੱਲੋ ਸੀ ਪਰ ਹੁਣ ਉਸ ਦਾ ਭਾਰ 55 ਕਿੱਲੋ ਹੈ। ਉਨ੍ਹਾਂ ਦੱਸਿਆ ਕਿ ਮੈਂ ਬਿਨਾਂ ਕਿਸੇ ਕਸਰਤ ਦੇ 6 ਮਹੀਨਿਆਂ ਤੋਂ ਵੀ ਘੱਟ ਸਮੇਂ 'ਚ 12 ਕਿੱਲੋ ਭਾਰ ਘਟਾਇਆ।

# ਦਿਲਜੀਤ ਦੋਸਾਂਝ ਨੇ ਕੁਦਰਤ ਨਾਲ ਆਨੰਦ ਮਾਣਦੇ ਦੀ ਵੀਡੀਓ ਸਾਂਝੀ ਕੀਤੀ

ਪੰਜਾਬੀ ਸੁਪਰਸਟਾਰ ਦਿਲਜੀਤ ਦੋਸਾਂਝ ਇਸ ਵੇਲੇ ਆਪਣਾ ਕੁਝ ਸਮਾਂ ਸ਼ਾਂਤੀ ਨਾਲ ਬਤੀਤ ਕਰ ਰਿਹਾ ਹੈ। ਪੰਜਾਬੀ ਗਾਇਕ ਤੇ ਅਦਾਕਾਰ ਦੇ ਦਿਲ-ਲੁਮਿਨਾਟੀ ਟੂਰ ਨੂੰ ਦੇਸ਼ ਤੇ ਵਿਦੇਸ਼ ਵਿਚ ਹੁੰਗਾਰਾ ਮਿਲਿਆ ਸੀ। ਦਿਲਜੀਤ ਨੇ ਇੰਸਟਾਗ੍ਰਾਮ 'ਤੇ ਕੁਦਰਤ ਦਾ ਆਨੰਦ ਮਾਣਦੇ ਦੀ ਵੀਡੀਓ ਸ਼ੇਅਰ ਕੀਤੀ ਹੈ। ਉਸ ਨੇ ਵੀਡੀਓ 'ਤੇ ਲਿਖਿਆ, 'ਜੰਗਲ ਮੇਂ ਮੰਗਲ।' ਇਸ ਤੋਂ ਪਹਿਲਾਂ ਦਿਲਜੀਤ ਨੇ ਆਪਣੀ ਆਉਣ ਵਾਲੀ ਫਿਲਮ 'ਪੰਜਾਬ '95' ਦੀ ਪਹਿਲੀ ਝਲਕ ਸਾਂਝੀ ਕੀਤੀ ਸੀ। ਉਸ ਨੇ ਆਪਣੇ ਇੰਸਟਾਗ੍ਰਾਮ 'ਤੇ ਇਸ ਫਿਲਮ ਦੀਆਂ ਤਸਵੀਰਾਂ ਦੀ ਲੜੀ ਸਾਂਝੀ ਕੀਤੀ, ਜਿਸ ਵਿੱਚ ਉਸ ਦੇ ਫਿਲਮ ਵਿਚ ਨਿਭਾਏ ਕਿਰਦਾਰ ਬਾਰੇ ਜਾਣਕਾਰੀ ਮਿਲਦੀ ਹੈ। ਉਸ ਨੇ ਇਸ ਦੀ ਕੈਪਸ਼ਨ ਵਿੱਚ ਲਿਖਿਆ, 'ਮੈਂ ਕਾਲੇ ਦੌਰ ਨੂੰ ਚੁਣੌਤੀ ਦਿੰਦਾ ਹਾਂ। 'ਪੰਜਾਬ 95' ਫਿਲਮ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਹੈ। ਪੰਜਾਬ ਵਿੱਚ ਖਾੜਕੂਵਾਦ ਦੇ ਦੌਰ ਵਿੱਚ ਉਹ ਪੰਜਾਬ ਦੇ ਅੰਮ੍ਰਿਤਸਰ ਸ਼ਹਿਰ ਵਿੱਚ ਬੈਂਕ ਦਾ ਡਾਇਰੈਕਟਰ ਸੀ। ਅਪਰੇਸ਼ਨ ਬਲਿਊ ਸਟਾਰ, ਇੰਦਰਾ ਗਾਂਧੀ ਦੀ ਹੱਤਿਆ ਅਤੇ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਬਾਅਦ ਪੁਲੀਸ ਨੂੰ ਕਿਸੇ ਵੀ ਕਾਰਨ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲੈਣ ਦਾ ਅਧਿਕਾਰ ਦਿੱਤਾ ਗਿਆ ਸੀ। ਉਸ ਵੇਲੇ ਪੁਲੀਸ ਨੇ ਕਈ ਫਰਜ਼ੀ ਮੁਕਾਬਲੇ ਬਣਾ ਕੇ ਨਿਰਦੋਸ਼ਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ ਤੇ ਇਨ੍ਹਾਂ ਕਤਲਾਂ ਨੂੰ ਲੁਕਾਉਣ ਲਈ ਵੱਡੀ ਗਿਣਤੀ ਲਾਸ਼ਾਂ ਨੂੰ ਸਾੜ ਦਿੱਤਾ ਸੀ। ਖਾਲੜਾ ਇੱਕ ਸਮੇਂ ਵਿੱਚ ਚਾਰ ਵੱਡੇ ਕੇਸਾਂ ਦੀ ਜਾਂਚ ਕਰ ਰਿਹਾ ਸੀ, ਜੋ ਇਨ੍ਹਾਂ ਘਟਨਾਵਾਂ ਦੇ ਸਬੂਤ ਅਤੇ ਗਵਾਹ ਇਕੱਠੇ ਕਰਦਾ ਰਿਹਾ। ਇਸ ਫਿਲਮ 'ਚ ਇਹ ਸਭ ਕੁਝ ਬਿਆਨਦੀ ਹੈ। ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਇਨ ਇੰਡੀਆ ਨੇ ਫਿਲਮ ਵਿਚ 120 ਕੱਟ ਲਾਉਣ ਦਾ ਪ੍ਰਸਤਾਵ ਦਿੱਤਾ ਪਰ ਫਿਲਮ ਵਿਚ ਕੀ ਕੱਟਿਆ ਗਿਆ ਹੈ ਤੇ ਕੀ ਦਿਖਾਇਆ ਜਾਵੇਗਾ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲੀ।





## ਚਾਹ ਨਾਲ ਆਟੇ ਵਾਲੇ ਬਿਸਕੁਟ ਖਾਣ ਦਾ ਸ਼ੌਕੀਨ ਹੈ ਦਿਲਜੀਤ ਦੋਸਾਂਝ

ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਸੋਸ਼ਲ ਮੀਡੀਆ 'ਤੇ ਜੁੜੇ ਆਪਣੇ ਪ੍ਰਸ਼ੰਸਕਾਂ ਨੂੰ ਹਰ ਪਲ ਦੀ ਤਾਜ਼ਾ ਜਾਣਕਾਰੀ ਦਿੰਦੇ ਰਹਿੰਦੇ ਹਨ। ਹਾਲ ਹੀ ਵਿੱਚ ਗਾਇਕ ਨੇ ਇੰਸਟਾਗ੍ਰਾਮ ਸਟੋਰੀ ਸਾਂਝੀ ਕੀਤੀ ਜਿਸ ਵਿੱਚ ਉਨ੍ਹਾਂ ਦੱਸਿਆ ਕਿ ਉਹ ਚਾਹ ਨਾਲ ਆਟੇ ਵਾਲੇ ਬਿਸਕੁਟ ਖਾਣ ਤੋਂ ਖੁੰਝ ਗਿਆ। ਵੀਡੀਓ ਵਿੱਚ ਦਿਲਜੀਤ ਦੋਸਾਂਝ ਨੂੰ ਇੱਕ ਟਿੱਪਣੀ ਪੜ੍ਹਦਿਆਂ ਦੇਖਿਆ ਜਾ ਸਕਦਾ ਹੈ ਜਿੱਥੇ ਇੱਕ ਪ੍ਰਸ਼ੰਸਕ ਉਸ ਨੂੰ ਚਾਹ ਤੇ ਆਟੇ ਵਾਲੇ ਬਿਸਕੁਟ ਖਾਣ ਦਾ ਸੱਦਾ ਦਿੰਦਾ ਹੈ। ਇਸ ਦੇ ਜਵਾਬ ਵਿੱਚ ਦਿਲਜੀਤ ਨੇ ਕਿਹਾ, 'ਇਸ ਨੇ ਉਸ ਨੂੰ ਪੁਰਾਣੇ ਦਿਨਾਂ ਦੀ ਯਾਦ ਦਿਵਾ ਦਿੱਤੀ ਜਦੋਂ ਉਹ ਹੱਥਾਂ ਨਾਲ ਬਣੇ ਆਟੇ ਵਾਲੇ ਬਿਸਕੁਟਾਂ ਨਾਲ ਚਾਹ ਦਾ ਆਨੰਦ ਮਾਣਦਾ ਸੀ।' ਉਸ ਨੇ ਖੁਲਾਸਾ ਕੀਤਾ ਕਿ ਇਹ ਬਿਸਕੁਟ ਹਾਲੇ ਵੀ ਉਸ ਦੀ ਨਾਨੀ ਦੇ ਘਰ ਮਿਲਦੇ ਹਨ। ਦੂਜੇ ਪਾਸੇ ਦਿਲਜੀਤ ਦੋਸਾਂਝ ਬਹੁਤ ਹੀ ਉਡੀਕੀ ਜਾ ਰਹੀ ਸੀਕੁਅਲ 'ਬਾਰਡਰ 2' ਵਿਚ ਕੰਮ ਕਰੇਗਾ। ਅਨੁਰਾਗ ਸਿੰਘ ਦੇ ਨਿਰਦੇਸ਼ਨ ਹੇਠ ਤਿਆਰ ਹੋ ਰਹੇ ਇਸ ਪ੍ਰਾਜੈਕਟ ਵਿੱਚ ਸੰਨੀ ਦਿਓਲ, ਦਿਲਜੀਤ ਦੋਸਾਂਝ, ਅਹਾਨ ਸ਼ੈੱਟੀ ਅਤੇ ਵਰੁਣ ਧਵਨ ਮੁੱਖ ਕਿਰਦਾਰ ਨਿਭਾਉਣਗੇ। ਇਹ ਫਿਲਮ 1999 ਦੇ ਕਾਰਗਿਲ ਦੀ ਜੰਗ 'ਤੇ ਆਧਾਰਿਤ ਜਾਪਦੀ ਹੈ ਜਿਸ ਦੌਰਾਨ ਪਾਕਿਸਤਾਨੀ ਫੌਜ ਨੇ ਕੰਟਰੋਲ ਰੇਖਾ (ਐੱਲਓਸੀ) ਪਾਰ ਕਰਕੇ ਭਾਰਤੀ ਖੇਤਰ 'ਤੇ ਕਬਜ਼ਾ ਕਰ ਲਿਆ ਸੀ।

# ਆਪਣੀ ਹਾਰ ਨੂੰ ਨਾ ਸਵਿਕਾਰਨ ਵਾਲਿਆਂ ਲਈ ਇਕ ਕਹਾਣੀ !

ਕਿਹਾ ਜਾਂਦਾ ਹੈ ਕਿ ਦੁਨੀਆਂ ਦੇ ਪ੍ਰਸਿੱਧ ਐਕਟਰ ਚਾਰਲੀ ਚੈਪਲਿਨ ਜੋ ਕਿ ਬਿਨਾਂ ਕਿਸੇ ਆਵਾਜ ਤੇ ਐਕਟਰਾਂ ਦੇ ਆਪਣੀਆ ਫਿਲਮਾਂ ਲਈ ਮਸ਼ਹੂਰ ਸੀ,ਤੇ ਉਸਨੂੰ ਇਸ ਕੰਮ ਲਈ ਆਸਕਰ ਵੀ ਮਿਲਿਆ ਹੈ ਪਰ ਇਕ ਵਾਰ ਚਾਰਲੀ ਦੀ ਪ੍ਰਸਿੱਧੀ ਤੋਂ ਖੁਸ਼ ਹੋ ਇਕ ਫੈਂਸੀ ਡਰੈੱਸ ਕਾਂਪੀਟੀਸ਼ਨ ਰੱਖਿਆ ਗਿਆ ਜਿਸ ਚ ਸਾਰਿਆਂ ਨੂੰ ਚਾਰਲੀ ਵਰਗੇ ਬਣਕੇ ਆਉਣ ਲਈ ਕਿਹਾ ਗਿਆ ਪਰ ਉਸ ਚ ਚਾਰਲੀ ਨੇ ਵੀ ਉਸ ਮੁਕਾਬਲੇ ਚ ਹਿੱਸਾ ਲਿਆ ਪਰ ਚਾਰਲੀ ਨੇ ਉਸ ਚ ਆਪਣਾ ਨਾਮ ਤੇ ਪਤਾ ਹੋਰ ਲਿਖਵਾਇਆ।

ਚਾਰਲੀ ਨੂੰ ਮਾਣ ਸੀ ਕਿ ਉਹ ਇਸ ਮੁਕਾਬਲੇ 'ਚ ਜਿੱਤ ਜਾਵੇਗਾ ਪਰ ਇਕ ਨੌਜਵਾਨ ਜੋ ਉਸ ਮੁਕਾਬਲੇ ਚ ਚਾਰਲੀ ਨਾਲੋ ਵਧੀਆ ਐਕਟਿੰਗ ਕਰਨ ਕਰਕੇ ਪਹਿਲੇ ਨੰਬਰ ਤੇ ਆਇਆ।

ਚਾਰਲੀ ਆਪਣੀ ਇਸ ਹਾਰ ਤੋਂ ਪਰੇਸ਼ਾਨ ਵੀ ਹੋਇਆ ਪਰ ਉਸਨੇ ਮਹਿਸੂਸ ਕੀਤਾ ਕਿ ਉਸਨੇ ਉਹ ਮੁਕਾਬਲਾ ਬਿਨਾਂ ਪਰੈਕਟਿਸ ਕੀਤੇ ਤੋਂ ਕੀਤਾ ਸੀ ਕਿਉਂਕਿ ਉਸਨੂੰ ਮਾਣ ਸੀ ਕਿ ਉਹ ਉਸਤੋਂ ਵਧੀਆ ਤੇ ਕੋਈ ਨਹੀਂ ਹੈ, ਪਰ ਅਸਲ ਵਿਚ ਅਜਿਹਾ ਬਿਲਕੁਲ ਨਹੀਂ ਹੁੰਦਾ।

ਚਾਰਲੀ ਨੇ ਕਿਹਾ ਸੀ ਕਿ ਕਦੇ ਵੀ ਅਧਿਐਨ ਕਰਨਾ ਨਾ ਛੱਡੋ, ਨਹੀਂ ਤੇ ਤੁਹਾਡਾ ਤੁਹਾਡੇ ਤੇ ਕੀਤਾ ਮਾਣ ਤੇ ਹੌਂਸਲਾ ਹੀ ਤਹਾਨੂੰ ਡੋਬ ਦੇਵੇਗਾ, ਤੁਹਾਡਾ ਗਿਆਨ ਤੁਹਾਡੇ ਜਿੰਦਗੀ ਦੇ ਤਜਰਬੇ ਦੇ ਨਾਲ ਨਾਲ ਬਦਲਦਾ ਹੀ ਰਹਿਣਾ ਚਾਹੀਦਾ ਹੈ ਤੇ ਹੋ ਸਕਦਾ ਹੈ ਕਲ ਨੂੰ ਕੋਈ ਤੁਹਾਡੇ ਤੋਂ ਵੀ ਵਧੀਆ ਬਣੇ ਤੇ ਤੁਸੀਂ ਆਸ ਕਰਿਆ ਕਰੋ ਕਿ ਤੁਹਾਡੀ ਸਿੱਖਿਆ ਤੋਂ ਕੋਈ ਸਿੱਖਿਆ ਲੈਕੇ ਹੋਰ ਤੋਂ ਹੋਰ ਬਿਹਤਰ ਬਣੇ।

ਜੋਤਵੀਰ ਸਿੰਘ

# ਸ਼ਿਲਪਾ ਸ਼ੈੱਟੀ ਨੇ ਨਵਾਂ ਹੁਨਰ ਸਿੱਖਿਆ



ਬੌਲੀਵੁੱਡ ਅਦਾਕਾਰਾ ਮਾਲਦੀਵ ਵਿੱਚ ਛੁੱਟੀਆਂ ਮਨਾ ਰਹੀ ਹੈ। ਉਸ ਨੇ ਇੰਸਟਾਗ੍ਰਾਮ 'ਤੇ ਇਨ੍ਹਾਂ ਪਲਾਂ ਨੂੰ ਮਾਣਨ ਦੀਆਂ ਤਸਵੀਰਾਂ ਤੇ ਵੀਡੀਓਜ਼ ਅਪਲੋਡ ਕੀਤੀਆਂ ਹਨ ਜਿਸ ਵਿਚ ਅਦਾਕਾਰਾ ਪਰਿਵਾਰ ਨਾਲ ਸਮਾਂ ਬਿਤਾਉਂਦੀ ਨਜ਼ਰ ਆ ਰਹੀ ਹੈ। ਇਨ੍ਹਾਂ ਵਿੱਚੋਂ ਇਕ ਤਸਵੀਰ ਵਿੱਚ ਸ਼ਿਲਪਾ ਜੈੱਟ ਸਕੀਅ ਦੀ ਸਵਾਰੀ ਕਰਦੀ, ਦੂਜੀ ਵਿੱਚ ਸੂਸ਼ੀ ਬਣਾਉਂਦੀ ਤੇ ਇਕ ਹੋਰ ਵਿੱਚ ਪਣਡੁੱਬੀ ਵਿੱਚ ਸਮੁੰਦਰ ਦੇ ਹੇਠਾਂ ਜਾਂਦੀ ਦਿਖਾਈ ਦੇ ਰਹੀ ਹੈ। ਉਸ ਨੇ ਇਨ੍ਹਾਂ ਤਸਵੀਰਾਂ ਨਾਲ ਕੈਪਸ਼ਨ ਵੀ ਲਿਖੀ ਹੈ ਜਿਸ ਵਿੱਚ ਉਸ ਨੇ ਲਿਖਿਆ, 'ਪ੍ਰੇਰਨਾਦਾਇਕ ਸੋਮਵਾਰ, ਅੱਜ ਬਹੁਤ ਕੁਝ ਸਿੱਖਿਆ। ਪਹਿਲਾਂ ਸੀ 'ਜੈੱਟ ਸਕੀਅ' ਕਿਉਂਕਿ ਮੈਂ ਡਰ ਕਾਰਨ ਜ਼ਮੀਨ 'ਤੇ ਗੱਡੀ ਨਹੀਂ ਚਲਾ ਸਕਦੀ, ਮੈਂ ਸੋਚਿਆ, ਕਿਉਂ ਨਾ ਇਸ ਦੀ ਬਜਾਏ ਲਹਿਰਾਂ ਦੀ ਸਵਾਰੀ ਕੀਤੀ ਜਾਵੇ? ਮੇਰੇ ਇੰਸਟਰੱਕਟਰ ਵੱਲੋਂ ਠਰ੍ਹੰਮਾ ਰੱਖਣ ਲਈ ਬਹੁਤ ਬਹੁਤ ਧੰਨਵਾਦ ਓਨਲੀ ਰਾਜ ਕੁੰਦਰਾ 2) ਪਣਡੁੱਬੀ ਲਈ ਬਹਾਦਰੀ ਕਿਉਂਕਿ ਮੈਨੂੰ ਤੈਰਨਾ ਨਹੀਂ ਆਉਂਦਾ, ਇਹ ਸਮੁੰਦਰ ਦੀ ਡੂੰਘਾਈ ਨੂੰ ਨਾਪਣ ਦਾ ਸਭ ਤੋਂ ਵਧੀਆ ਤਰੀਕਾ ਸੀ, ਸ਼ਾਨਦਾਰ! 3. ਸੂਸ਼ੀ ਬਣਾਉਣ ਵਾਲੀ ਕਲਾਸ। ਇਹ ਸੱਚਮੁੱਚ ਇੱਕ ਕਲਾ ਹੈ। ਉਸ ਨੇ ਅੱਗੇ ਕਿਹਾ, 'ਜ਼ਿੰਦਗੀ ਵਿੱਚ ਕੁਝ ਵੀ ਆਸਾਨ ਨਹੀਂ ਹੁੰਦਾ, ਤੁਹਾਨੂੰ ਮੌਕਾ ਆਉਣ 'ਤੇ ਇੱਕ ਨਵਾਂ ਹੁਨਰ ਸਿੱਖਣ ਲਈ ਤਿਆਰ ਹੋਣਾ ਚਾਹੀਦਾ ਹੈ ਤੇ ਇਸ ਤਜਰਬੇ ਦਾ ਆਨੰਦ ਮਾਣੋ।' ਸ਼ਿਲਪਾ ਨੇ ਇਹ ਟੂਰ ਕਰਵਾਉਣ ਵਾਲਿਆਂ ਦਾ ਵੀ ਧੰਨਵਾਦ ਕੀਤਾ ਹੈ। ਇਸ ਤੋਂ ਪਹਿਲਾਂ ਅਦਾਕਾਰਾ ਨੇ ਆਪਣੀ ਫਿਟਨੈਸ ਦੇ ਗੁਰ ਸਾਂਝੇ ਕੀਤੇ ਸਨ।

## ਕਵਿਤਾ
# ਦਿਲ ਦਾ ਹਾਲ

ਪਤਾ ਨਹੀਂ ਹੁਣ ਉਹਦੇ ਦਿਲ ਵਿੱਚ,
ਵਿਚਾਰ ਕਿਹੜਾ ਆਇਆ ਐ।
ਪਹਿਲਾਂ ਵਾਂਗ ਉਸਨੇ ਹੁਣ ਫਿਰ,
ਜਾਣ ਬੁੱਝ ਕੇ ਸਤਾਇਆ ਐ।

ਦੂਜੀ ਵਾਰ ਆਈ ਡੀ ਫੇਸਬੁੱਕ ਤੇ,
ਉਸ ਨੇ ਬਣਾਈ ਸੀ।
ਪਾ ਰੀਲਾਂ ਵਿਆਹ ਤੋਂ ਬਾਅਦ ਦੀਆਂ,
ਉਸ ਖ਼ੁਸ਼ੀ ਮਨਾਈ ਸੀ।

ਕੀ ਹੋਇਆ ਜੇ ਰੀਲ ਇੱਕ ਹੀ,
ਖੁਸ਼ ਹੋ ਸੀ ਲਾਇਕ ਕੀਤੀ।
ਦੇਖ ਲਾਈਕ ਮੇਰੀ ਪਤਾ ਨਹੀਂ,
ਉਸ ਦੇ ਦਿਲ ਤੇ ਕੀ ਬੀਤੀ।

ਕਰ ਲਾਇਕ ਹਾਜ਼ਰੀ ਆਪਣੀ,
ਮੈਂ ਤਾਂ ਲੱਗਵਾਈ ਸੀ।
ਲਿਖ ਕਾਵਿ ਵਿਚਾਰ ਆਪਣੇ,
ਗੱਲ ਕੋਈ ਲਿਖ ਪਾਈ ਸੀ।

ਨਾ ਗ਼ਲਤ ਸੀ ਪਹਿਲਾਂ ਲਿਖਿਆ,
ਨਾ ਹੁਣ ਲਿਖ ਪਾਇਆ।
ਲਿਖੇ ਸ਼ੇਅਰ ਆਪਣੇ ਵੱਲੋਂ ਮੈਂ ਤਾਂ,
ਦਿਲ ਦਾ ਹਾਲ ਸੁਣਾਇਆ।

ਸਰਬਜੀਤ ਸੰਗਰੂਰਵੀ
ਪੁਰਾਣੀ ਅਨਾਜ ਮੰਡੀ, ਸੰਗਰੂਰ।
9463162463

# ਲੂਣਦਾਨੀ

ਪਰਵਾਸੀ ਜੀਵਨ ਦੀਆਂ ਪਰਤਾਂ ਦਾ ਚਿਤਰਣ

ਹਰਿਭਜਨ ਸਿੰਘ ਭਾਟੀਆ

ਲੂਣਦਾਨੀ ਕਹਾਣੀ ਸੰਗ੍ਰਹਿ ਪਰਵਾਸੀ ਸਮਾਜ ਦੇ ਪ੍ਰਗਟ ਅਤੇ ਪ੍ਰਗਟ ਵਰਤਾਰਿਆਂ ਨੂੰ ਮਹੀਨ, ਤਿੱਖੀ ਤੇ ਲਤੀਫ਼ ਨਜ਼ਰ ਨਾਲ ਚਿਤਰਣ ਵਾਲੇ ਕਹਾਣੀਕਾਰ ਕਹਾਣੀਕਾਰ ਹਰਪ੍ਰੀਤ ਸੇਖਾ ਦੀ ਸੱਜਰੀ ਮੌਲਿਕ ਰਚਨਾ ਹੈ। ਸਾਡੀ ਪ੍ਰਚਲਿਤ ਨਜ਼ਰ ਉਸ ਨੂੰ ਕੈਨੇਡੀਅਨ ਪੰਜਾਬੀ ਲੇਖਕ ਵਜੋਂ ਪਛਾਣਦੀ ਹੈ। ਕਰੜੀ ਮਿਹਨਤ-ਮੁਸ਼ੱਕਤ ਕਰਦਿਆਂ, ਪੁਸਤਕਾਂ ਪੜ੍ਹਦਿਆਂ ਅਤੇ ਜੀਵਨ ਦੇ ਮਹਾਂ-ਗ੍ਰੰਥ ਵਿੱਚੋਂ ਦਰਸ ਹਾਸਲ ਕਰਦਿਆਂ ਗ੍ਰਹਿਣ ਕੀਤੇ ਅਨੁਭਵ ਨੂੰ ਉਸ ਨੇ ਕਹਾਣੀਆਂ, ਨਾਵਲ ਅਤੇ ਨਸਰ ਵਿੱਚ ਢਾਲਿਆ ਹੈ। ਨਵੇਂ ਪਰਵਾਸੀ ਵਜੋਂ ਵੱਖਰੀ ਧਰਤੀ 'ਤੇ ਪੈਰ ਜਮਾਉਣ ਲਈ ਕਰੜੀ ਮੁਸ਼ੱਕਤ ਕਰਦਿਆਂ ਉਹ ਪਹਿਲਾਂ 'ਵਤਨ' ਤੇ ਮੁੜ 'ਸਿਰਜਣਾ' ਰਸਾਲੇ ਰਾਹੀਂ ਅਦਬੀ ਮੰਚ ਉਪਰ ਪ੍ਰਗਟ ਹੋਇਆ। ਆਪਣੀ ਪ੍ਰਥਮ ਪੁਸਤਕ 'ਬੀ ਜੀ ਮੁਸਕਰਾ ਪਏ' (2006) ਦੇ ਪ੍ਰਕਾਸ਼ਨ ਤੋਂ ਪਹਿਲਾਂ ਹੀ ਉਹ ਅਫ਼ਸਾਨਾਨਿਗਾਰੀ ਦੇ ਖੇਤਰ ਵਿੱਚ ਜਾਣਿਆ ਜਾਣ ਲੱਗਾ ਸੀ। 'ਬੀ ਜੀ ਮੁਸਕਰਾ ਪਏ' ਤੋਂ ਮਗਰੋਂ ਉਸ ਟੈਕਸੀ ਚਲਾਉਣ ਸਮੇਂ ਗ੍ਰਹਿਣ ਕੀਤੇ ਅਨੂਠੇ ਤੇ ਅਦੁੱਤੀ ਅਨੁਭਵਾਂ ਨੂੰ ਵਾਰਤਕ ਰਚਨਾ 'ਟੈਕਸੀਨਾਮਾ' (2012) ਰਾਹੀਂ ਸਾਹਮਣੇ ਲਿਆਂਦਾ। 'ਬਾਰਾਂ ਬੂਹੇ' (2013), 'ਪ੍ਰਿਜ਼ਮ' (2017) ਕਹਾਣੀ ਸੰਗ੍ਰਹਿਆਂ ਅਤੇ ਲਗਾਤਾਰ ਛਪਦੀਆਂ ਕਹਾਣੀਆਂ ਮਗਰੋਂ ਉਸ ਨੂੰ ਪੰਜਾਬੀ ਕਹਾਣੀ ਅਤੇ ਖ਼ਾਸਕਰ ਕੈਨੇਡੀਅਨ ਪੰਜਾਬੀ ਕਹਾਣੀ ਵਿੱਚੋਂ ਮਨਫ਼ੀ ਕਰਨਾ ਅਸੰਭਵ ਹੋ ਗਿਆ। ਉਸ ਤਰਜਮਾਨਿਗਾਰੀ ਉਪਰ ਵੀ ਹੱਥ ਅਜ਼ਮਾਇਆ। ਉਸ ਦੀਆਂ ਕਹਾਣੀਆਂ ਪੰਜਾਬੀ ਜ਼ੁਬਾਨ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਪ੍ਰਕਾਸ਼ਿਤ ਹੋਣ ਲੱਗੀਆਂ। ਢਾਹਾਂ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਪ੍ਰਿਜ਼ਮ' ਦੇ ਅੰਗਰੇਜ਼ੀ ਵਿੱਚ ਜ਼ਮੇਰ ਰੋਡੇ ਵੱਲੋਂ ਕੀਤੇ ਤਰਜ਼ਮੇ ਨੇ ਉਸ ਦਾ ਤੁਆਰਫ਼ ਆਲਮੀ ਧਰਾਤਲ ਉਪਰ ਫੈਲੇ ਪਾਠਕ ਵਰਗ ਨਾਲ ਕਰਵਾ ਦਿੱਤਾ। ਸੁਭਾਸ਼ ਨੀਰਵ ਲਗਾਤਾਰ ਉਸ ਦੀਆਂ ਕਹਾਣੀਆਂ ਨੂੰ 'ਬਰਫ਼ਖੋਰ ਹਵਾਏਂ' ਅਤੇ ਨਾਵਲ ਨੂੰ 'ਅੰਧੇਰੇ ਰਾਹ' ਸਿਰਲੇਖਾਂ ਹੇਠ ਹਿੰਦੀ ਵਿੱਚ ਅਨੁਵਾਦ ਕਰ ਚੁੱਕਾ ਹੈ। ਉਸ ਨੇ ਖ਼ੁਦ ਆਪਣੀਆਂ 2017 ਤੱਕ ਛਪੀਆਂ ਬੱਤੀ ਕਹਾਣੀਆਂ ਨੂੰ 'ਡੱਗੀ' ਸਿਰਲੇਖ ਹੇਠ ਸਾਂਭ ਲਿਆ ਹੈ। 2020 ਵਿੱਚ ਛਪੇ ਨਾਵਲ 'ਹਨੇਰੇ ਰਾਹ' ਨੇ ਉਸ ਦੀ ਰਚਨਾਤਮਕ ਸ਼ਖ਼ਸੀਅਤ ਹੇਠ ਛੁਪੀ ਇੱਕ ਹੋਰ ਸੰਭਾਵਨਾ ਨੂੰ ਉਜਾਗਰ ਕੀਤਾ ਹੈ। ਇਹ ਨਾਵਲ ਪਰਵਾਸੀ ਜੀਵਨ ਦੇ ਤਲਿੱਸਮ, ਜਾਅਲੀਪਣ, ਦਿਖਾਵੇ ਅਤੇ ਭੇਖ ਨੂੰ ਨਸ਼ਰ ਕਰਦਾ ਅਤੇ ਇਸ ਜੀਵਨ ਦੀ ਅਸਲੀਅਤ ਤੇ ਸੱਚ ਨੂੰ ਪ੍ਰਗਟਾਉਂਦਾ ਹੈ। ਅਫ਼ਸਾਨਾਨਿਗਾਰੀ ਦੇ ਪਾਰਖੂ ਹੁਣ ਉਸ ਨੂੰ ਕੈਨੇਡੀਅਨ ਪੰਜਾਬੀ ਕਹਾਣੀਕਾਰਾਂ ਦੀ ਕਤਾਰ ਵਿੱਚ ਰੱਖ ਕੇ ਜਾਂਚਣ-ਪਰਖਣ ਨਾਲੋਂ ਮੁੱਖ ਧਾਰਾ ਦੇ ਪੰਜਾਬੀ ਕਹਾਣੀਕਾਰ/ ਲੇਖਕ ਵਜੋਂ ਘੋਖਣ-ਪੜਚੋਲਣ ਦਾ ਦਰੁਸਤ ਮਸ਼ਵਰਾ ਦੇ ਰਹੇ ਹਨ।

ਮੋਗਾ ਜ਼ਿਲ੍ਹਾ ਦੇ ਪਿੰਡ ਕੋਟ ਈਸੇ ਖਾਂ(ਜੱਦੀ ਪਿੰਡ ਸੇਖਾ ਕਲਾਂ) ਵਿਖੇ ਹਰਪ੍ਰੀਤ ਸੇਖਾ ਦਾ ਜਨਮ 18 ਨਵੰਬਰ 1967 ਨੂੰ ਹੋਇਆ। ਉਮਰ ਦੇ ਦੋ ਦਹਾਕੇ ਪਾਰ ਕਰਨ ਤੋਂ ਪਹਿਲਾਂ ਉਸ ਮਕੈਨੀਕਲ ਇੰਜੀਨੀਅਰਿੰਗ ਵਿੱਚ ਡਿਪਲੋਮਾ ਕੀਤਾ। ਹਰਪ੍ਰੀਤ ਦੇ ਮਾਤਾ ਪਿਤਾ ਸਕੂਲ ਅਧਿਆਪਕ ਸਨ। ਸੇਵਾ ਮੁਕਤੀ ਮਗਰੋਂ ਉਨ੍ਹਾਂ ਕੈਨੇਡਾ ਵੱਸਣ ਦਾ ਫ਼ੈਸਲਾ ਕੀਤਾ। ਮਰਜ਼ੀ ਤੇ ਹਾਲਾਤ ਨੇ ਹਰਪ੍ਰੀਤ ਨੂੰ ਵੀ ਉਨ੍ਹਾਂ ਦੇ ਨਾਲ ਹੀ 1988 ਵਿੱਚ ਕੈਨੇਡਾ ਪਹੁੰਚਾ ਦਿੱਤਾ। ਭਵਿੱਖ ਦੀ ਫ਼ਿਕਰਮੰਦੀ ਨੇ ਉਸ ਨੂੰ ਇੰਜੀਨੀਅਰਿੰਗ ਦੇ ਰਾਹ ਤੋਰਿਆ ਅਤੇ ਉਸ ਦੇ ਅੰਦਰਲੀਆਂ ਰੁਚੀਆਂ ਨੇ ਉਸ ਨੂੰ ਅਦਬ ਨਾਲ ਵੀ ਜੋੜੀ ਰੱਖਿਆ। ਉਸ ਜ਼ਮਾਨੇ 'ਚ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੀਆਂ ਰਚਨਾਵਾਂ ਉਸ ਅੰਦਰ ਅਫ਼ਸਾਨਾਨਿਗਾਰੀ ਦੇ ਬੀਜ ਬੀਜਦੀਆਂ ਅਤੇ ਉਨ੍ਹਾਂ ਨੂੰ ਲਗਾਤਾਰ ਸਿੰਜਦੀਆਂ ਰਹੀਆਂ। ਬੇਸ਼ੱਕ ਕੈਨੇਡਾ ਆਉਣ ਤੋਂ ਪਹਿਲਾਂ ਉਸ ਸਾਹਿਤ ਰਚਨਾ ਦਾ ਕਾਰਜ ਨਾ ਕੀਤਾ ਪਰ ਉਸ ਅੰਦਰਲਾ ਸ਼ੌਕ, ਰੁਚੀਆਂ ਤੇ ਸੰਸਕਾਰ (ਬਿਨਾਂ ਵੀਜ਼ਾ ਲਏ) ਉਸ ਦੇ ਨਾਲ ਹੀ ਕੈਨੇਡਾ ਅੱਪੜ ਗਏ। ਕਲਾ ਜਾਂ ਅਦਬ ਪ੍ਰਤੀ ਅੰਦਰੂਨੀ ਖਿੱਚ ਬਗੈਰ ਇਨ੍ਹਾਂ ਰੁਚੀਆਂ ਦਾ ਨਵੇਂ ਮਾਹੌਲ ਤੇ ਵਾਤਾਵਰਣ ਵਿੱਚ ਜ਼ਿੰਦਾ ਰਹਿਣਾ ਖ਼ਾਸਾ ਦੁਸ਼ਵਾਰ ਹੁੰਦਾ ਹੈ, ਖ਼ਾਸਕਰ ਉਦੋਂ ਜਦੋਂ ਵਿਅਕਤੀ ਆਪਣੀ ਹੋਂਦ ਦੀ ਸੁਰੱਖਿਅਤਾ ਤੇ ਖ਼ੁਦ ਨੂੰ ਜ਼ਿੰਦਾ ਰੱਖਣ ਲਈ ਦੁਸ਼ਵਾਰ ਪ੍ਰਸਥਿਤੀਆਂ ਵਿੱਚੋਂ ਗੁਜ਼ਰ ਰਿਹਾ ਹੋਵੇ। ਇਸ ਨਿੱਘੇ, ਮਿੱਠਬੋਲੜੇ, ਵੱਧ ਸੁਣਨ ਤੇ ਘੱਟ ਬੋਲਣ ਵਾਲੇ, ਤਿੱਖੀ ਤੇ ਤੇਜ਼ ਤਰਾਰ ਨਜ਼ਰ ਅਤੇ ਸਾਫ਼ ਨਜ਼ਰੀਏ ਵਾਲੇ ਸ਼ਖ਼ਸ ਨਾਲ ਮੇਰੀਆਂ ਇੱਕ ਤੋਂ ਵਧੀਕ ਮੁਲਾਕਾਤਾਂ ਹੋਈਆਂ; ਰੂ-ਬ-ਰੂ ਵੀ ਤੇ ਟੈਲੀਫ਼ੋਨ ਉੱਪਰ ਵੀ। ਆਪਣੇ ਪਿਛੋਕੜ ਨੂੰ ਸੁਨਿਹਰੀ ਰੰਗ ਵਿੱਚ ਰੰਗਣ ਦੀ ਬਜਾਏ ਉਸ ਦੱਸਿਆ ਕਿ ਉਸ ਨੂੰ ਆਪਣੇ ਜੀਵਨ ਨੂੰ ਲੀਹ 'ਤੇ ਲਿਆਉਣ ਜਾਂ ਪਟੜੀ ਉੱਪਰ ਚਾੜ੍ਹਣ ਲਈ ਕਰੜੀ ਮਿਹਨਤ-ਮੁਸ਼ੱਕਤ ਕਰਨੀ ਪਈ। ਬੇਰੀਆਂ ਤੋੜਣ, ਪੈਕਿੰਗ ਕਰਨ, ਮਸ਼ੀਨਨਿਸਟ ਦੇ ਹੈਲਪਰ ਵਜੋਂ ਕੰਮ ਕਰਨ,ਟੈਕਸੀ ਚਲਾਉਣ ਅਤੇ ਡਾਕਖਾਨੇ ਵਿੱਚ ਕੰਮ ਕਰਨ ਦੀ ਕਰੜੀ ਮੁਸ਼ੱਕਤ ਨੇ ਜਿਵੇਂ ਉਸ ਨੂੰ ਜੀਵਨ ਦੇ ਅਸਲ ਮਾਅਨੇ ਸਮਝਾਅ ਦਿੱਤੇ। ਇਸ ਕਰੜੀ ਮੁਸ਼ੱਕਤ ਦੇ ਬਾਵਜੂਦ ਉਸ ਨਾ ਆਪਣੇ ਅੰਦਰਲੀਆਂ ਹਾਂ-ਮੁਖੀ ਕਦਰਾਂ-ਕੀਮਤਾਂ ਨੂੰ ਦਮ ਤੋੜਣ ਦਿੱਤਾ ਅਤੇ ਨਾ ਹੀ ਆਪਣੇ ਅਦਬੀ ਸੰਸਕਾਰਾਂ ਦਾ ਸਾਹ ਘੁੱਟਿਆ। ਮਾਇਆ ਤੇ ਮੰਡੀ ਦੀ ਮੁਕਾਬਲੇਬਾਜ਼ ਨਗਰੀ ਵਿੱਚ ਪਹੁੰਚ ਕੇ ਵੀ ਉਸ ਦੂਸਰੇ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣ, ਰਲ-ਮਿਲ ਕੇ ਰਹਿਣ-ਵਿਚਰਣ, ਪਰਿਵਾਰਕ ਮਾਹੌਲ ਨੂੰ ਜ਼ਿੰਦਾ ਰੱਖਣ, ਚੰਗੀਆਂ ਮਾਨਵੀ ਕਦਰਾਂ-ਕੀਮਤਾਂ ਨੂੰ ਜੀਵਨ ਸ਼ੈਲੀ ਦਾ ਹਿੱਸਾ ਬਣਾਈ ਰੱਖਣ ਅਤੇ ਹੱਸਾਸ ਤਬੀਅਤ ਰਹਿਣ ਨੂੰ ਆਪਣੀ ਹਾਂ-ਪੱਖੀ ਸੋਚ ਦਾ ਹਿੱਸਾ ਬਣਾਈ ਰੱਖਿਆ। ਯਾਨੀ ਉਸ ਆਪਣੇ ਸਭਿਆਚਾਰ ਵਿਚਲੀਆਂ ਹਾਂ-ਮੁਖੀ ਮਾਨਵੀ ਕਦਰਾਂ-ਕੀਮਤਾਂ ਨੂੰ ਤਿਆਗਿਆ ਨਹੀਂ ਅਤੇ ਅੰਧ-ਵਿਸ਼ਵਾਸਾਂ, ਹਨੇਰ ਬਿਰਤੀ ਤੇ ਨਫ਼ਰਤ ਆਧਾਰਿਤ ਨਾਂਹ-ਮੁਖੀ ਕੀਮਤਾਂ ਨੂੰ ਲਾਗੇ ਨਹੀਂ ਫੜਕਣ ਦਿੱਤਾ। ਉਸ ਦੀ ਸ਼ਖ਼ਸੀਅਤ ਅੰਦਰ ਹਾਂ-ਮੁਖੀ ਮਾਨਵੀ ਕਦਰਾਂ-ਕੀਮਤਾਂ ਅਤੇ ਤਰਕਸ਼ੀਲ ਤੇ ਵਿਗਿਆਨਕ ਸੋਚ ਇੱਕ-ਦੂਸਰੇ ਦੇ ਸੰਗ-ਸਾਥ ਵਿਚਰਦੇ ਦਿਖਾਈ ਦਿੰਦੇ ਹਨ। ਆਪਣੀ ਵਰੇਸ ਦੇ ਤਿੰਨ ਦਹਾਕੇ ਪਾਰ ਕਰਨ ਤੱਕ ਉਸ ਦਾ ਕਲਮ ਨਾਲ ਰਿਸ਼ਤਾ ਬਣਦਾ-ਟੁੱਟਦਾ ਰਿਹਾ। ਕੈਨੇਡਾ ਦੇ 'ਵਤਨ' ਰਸਾਲੇ ਵਿੱਚ ਛਪਦੀਆਂ ਕਹਾਣੀਆਂ/ਰਚਨਾਵਾਂ ਉਸ ਦੀ ਰੂਹ ਦੀ ਗਜ਼ਾ ਬਣਦੀਆਂ। ਵੀਹਵੀਂ ਸਦੀ ਦੇ ਆਖ਼ਰੀ ਦੋ ਵਰ੍ਹਿਆਂ ਵਿੱਚ ਉਸ ਦੀਆਂ ਕਹਾਣੀਆਂ 'ਸਿਰਜਣਾ' ਰਸਾਲੇ ਵਿਚ ਛਪਣ ਲੱਗੀਆਂ। 'ਸਿਰਜਣਾ' ਵਿੱਚ ਛਪਣ, ਡਾ. ਰਘਬੀਰ ਸਿੰਘ ਦੀ ਹੱਲਾਸ਼ੇਰੀ ਅਤੇ ਪਾਠਕਾਂ ਦੇ ਹੁੰਗਾਰੇ ਨੇ ਅਦਬੀ ਦੁਨੀਆਂ ਵਿੱਚ ਉਸ ਨੂੰ ਆਪਣੇ ਪੈਰਾਂ ਉਪਰ ਖੜ੍ਹਾ ਕਰ ਦਿੱਤਾ। ਮਿਹਨਤ-ਮੁਸ਼ੱਕਤ, ਘਰ-ਪਰਿਵਾਰ ਦੀ ਦੇਖਭਾਲ ਦੇ ਨਾਲ ਅਦਬੀ ਸ਼ੌਕ ਨੂੰ ਜ਼ਿੰਦਾ ਰੱਖਣਾ ਉਸ ਦੀ ਸ਼ਖ਼ਸੀਅਤ ਦਾ ਹਿੱਸਾ ਬਣ ਗਿਆ। ਪਿਛਲੇ ਢਾਈ ਦਹਾਕਿਆਂ ਤੋਂ ਉਹ ਕਿਸੇ ਪ੍ਰਕਾਰ ਦੀ ਆਪਾ-ਧਾਪੀ ਤੇ ਸ਼ੋਹਰਤ ਦੀ ਅੰਨ੍ਹੀ ਭੁੱਖ ਜਾਂ ਦੌੜ ਦਾ ਸ਼ਿਕਾਰ ਹੋਏ ਬਗੈਰ ਮਸਤ ਚਾਲ ਅਦਬੀ ਕਾਰਜਾਂ ਵਿੱਚ ਮਸ਼ਰੂਫ਼ ਹੈ। ਉਸ ਦੇ ਨਾਂ ਨਾਲ ਅਜੇ ਪਿਛਲੇ ਸਮਿਆਂ ਵਿੱਚ ਹੀ ਜੁੜੇ ਦੋ ਪੁਰਸਕਾਰਾਂ (ਢਾਹਾਂ ਪੁਰਸਕਾਰ, 2018 ਅਤੇ ਉਰਮਿਲਾ ਆਨੰਦ ਸਿਮਰਤੀ ਪੁਰਸਕਾਰ, 2021) ਨੇ ਉਸ ਦੀ ਪਛਾਣ ਨੂੰ ਰਤਾ ਗੂੜ੍ਹਾ ਜ਼ਰੂਰ ਕੀਤਾ ਹੈ ਪਰ ਉਸ ਦਾ ਅਦਬੀ-ਵਿਹਾਰ ਆਪਣੀ ਸਹਿਜ ਚਾਲੇ ਹੀ ਤੁਰ ਰਿਹਾ ਹੈ। ਉਸ ਦੁਆਰਾ ਸਿਰਜਿਆ ਸਮੁੱਚਾ ਅਦਬੀ ਸੰਸਾਰ ਪੰਜਾਬੀ ਸਭਿਆਚਾਰ ਵਿੱਚੋਂ ਉਸ ਦੁਆਰਾ ਗ੍ਰਹਿਣ ਕੀਤੀਆਂ ਮਾਨਵੀ ਤੇ ਉਸਾਰੂ ਕਦਰਾਂ-ਕੀਮਤਾਂ, ਕਰੜੀ ਮੁਸ਼ੱਕਤ ਰਾਹੀਂ ਗ੍ਰਹਿਣ ਕੀਤੇ ਅਨੁਭਵ, ਲਤੀਫ਼ ਨਜ਼ਰ ਅਤੇ ਸੰਤੁਲਤ ਜ਼ਾਵੀਏ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਨਜ਼ਰੀਂ ਪੈਂਦਾ ਹੈ।




ਹਰਪ੍ਰੀਤ ਸੇਖਾ ਦੀ ਕਹਾਣੀ ਦਾ ਵੱਥ, ਅੰਦਾਜ਼ ਅਤੇ ਨਜ਼ਰੀਆ ਅਸਲੋਂ ਵੱਖਰਾ ਅਤੇ ਅਨੂਠਾ ਹੈ। ਸਤਹ ਤੋਂ ਵੇਖਿਆਂ ਉਸ ਦੀਆਂ ਕਹਾਣੀਆਂ ਪਰਵਾਸੀ ਸਮਾਜ ਅਤੇ ਉਸ ਦੇ ਵਰਤਾਰਿਆਂ ਦੇ ਇਰਦ-ਗਿਰਦ ਘੁੰਮਦੀਆਂ ਹਨ। ਉਹ ਆਰੰਭਲੇ ਦੌਰ ਦੇ ਪਰਵਾਸੀ ਸਾਹਿਤ ਵਿਚਲੇ ਮਸਲਿਆਂ (ਝੂਰੇਰਵਾ, ਪੀੜ੍ਹੀ ਪਾੜਾ, ਨਸਲੀ ਵਿਤਕਰਾ, ਸਭਿਆਚਾਰਕ ਤਣਾਅ) ਤੋਂ ਵਿੱਥ ਸਥਾਪਿਤ ਕਰਕੇ ਨਵੇਂ ਮਾਹੌਲ ਅਤੇ ਵੱਖਰੀਆਂ ਪ੍ਰਸਥਿਤੀਆਂ ਵਿੱਚੋਂ ਪੈਦਾ ਹੋਏ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਦੇ ਚੌਖਟੇ ਵਿੱਚ ਢਾਲਦਾ ਹੈ। ਉਹ ਪੰਜਾਬੀ ਸੱਭਿਅਚਾਰ ਤੇ ਕਦਰਾਂ-ਕੀਮਤਾਂ ਅਤੇ ਪਰਵਾਸੀ ਜੀਵਨ ਵਰਤਾਰਿਆਂ ਦੇ ਵਿਗਾੜਾਂ ਅਤੇ ਵਿਕਾਰਾਂ ਤੋਂ ਰਤਾ ਵਿੱਥ ਸਥਾਪਿਤ ਕਰ ਜਾਂ ਵੱਖਰੇ ਧਰਾਤਲ ਉਪਰ ਵਿਚਰ ਮਹੀਨ ਮਾਨਵੀ ਸਰੋਕਾਰਾਂ ਨਾਲ ਜੁੜਦਾ ਤੇ ਉਨ੍ਹਾਂ ਨੂੰ ਚਿਤਰਦਾ ਹੈ। ਇਸ ਧਰਾਤਲ ਉਪਰ ਨਾ ਪੰਜਾਬੀ ਸਭਿਆਚਾਰ ਦੀਆਂ ਤਮਾਮ ਕਦਰਾਂ-ਕੀਮਤਾਂ ਨਾਲ ਅੰਨ੍ਹਾ ਮੋਹ ਹਾਜ਼ਰ ਦਿਸਦਾ ਹੈ ਅਤੇ ਨਾ ਹੀ ਪੱਛਮੀ ਤਹਿਜ਼ੀਬ ਦੀ ਫੋਕੀ ਸਿਫ਼ਤ-ਸਲਾਹ। ਉਸ ਨੇ ਆਪਣੇ ਸਮੁੱਚੇ ਕਹਾਣੀ-ਜਗਤ ਵਿੱਚ ਪਰਵਾਸੀ ਬੰਦੇ ਦੀ ਸਥਿਤੀ , ਬੇਬਸੀ, ਦੋਗਲੇਪਣ, ਜੀਣ-ਥੀਣ ਲਈ ਕੀਤੀ ਜਾ ਰਹੀ ਜੱਦੋਜਹਿਦ, ਪਰਵਾਸ ਹਾਸਲ ਕਰਨ ਲਈ ਵਰਤੇ ਜਾਂਦੇ ਅਯੋਗ ਤੇ ਗ਼ਲਤ ਢੰਗ-ਤਰੀਕਿਆਂ, ਨਵੀਂ ਤੇ ਪੁਰਾਣੀ ਪੀੜ੍ਹੀ ਦੀ ਸੋਚ ਵਿੱਚ ਵਿਆਪੇ ਅੰਤਰ, ਪਰਵਾਸੀ ਬੰਦੇ ਦੇ ਅੰਤਰ-ਦਵੰਦਾਂ, ਸੰਕਟਾਂ ਅਤੇ ਮਾਨਸਿਕਤਾ ਆਦਿ ਕਈ ਕੁਝ ਨੂੰ ਆਪਣੀਆਂ ਕਹਾਣੀਆਂ ਅੰਦਰ ਸਮੇਟਿਆ ਹੈ। ਉਹ ਠੀਕ ਜਾਂ ਗ਼ਲਤ ਹੋਣ ਸਬੰਧੀ ਉੱਚੀ ਸੁਰ ਵਿੱਚ ਕੋਈ ਫ਼ੈਸਲਾ ਸਣਾਉਣ ਨਾਲੋਂ ਬੰਦੇ ਨੂੰ ਉਸ ਦੀਆਂ ਪ੍ਰਸਥਿਤੀਆਂ ਦੀ ਕਰੂਰਤਾ ਸਹਿਤ ਉਜਾਗਰ ਕਰਦਾ ਹੈ। ਮਾਇਆ ਤੇ ਮੰਡੀ ਦੇ ਵਰਤਾਰੇ ਮਨੁੱਖੀ ਵਿਹਾਰ ਨੂੰ ਕਿਵੇਂ ਦੋਗਲਾ, ਕਮੀਨਾ ਤੇ ਅਮਾਨਵੀ ਬਣਾਉਂਦੇ ਹਨ, ਕਥਾ ਬਿੰਬਾਂ ਦੀਆਂ ਲੜੀਆਂ ਨਾਲ ਉਹ ਮੁੜ ਮੁੜ ਇਸ ਸਭ ਕਾਸੇ ਨੂੰ ਦਿਖਾਉਂਦਾ ਹੈ। ਉਸ ਦੀਆਂ ਕਹਾਣੀਆਂ, ਨਾਵਲ ਅਤੇ ਵਾਰਤਕ ਦੀ ਮੂਲ ਸਮੱਗਰੀ ਅਤੇ ਨਜ਼ਰੀਏ ਦੀ ਚੋਖੀ ਸਾਂਝ ਹੈ।

ਹਰਪ੍ਰੀਤ ਸੇਖਾ ਆਪਣੀ ਗਲਪ ਰਚਨਾ ਰਾਹੀਂ ਪੰਜਾਬੀ ਪਾਠਕ ਨੂੰ ਮੁਖਾਤਿਬ ਹੈ। ਪੰਜਾਬੀ ਸਭਿਆਚਾਰ ਦੇ ਧੁਰ-ਡੂੰਘ ਵਿੱਚ ਬੈਠ ਕੇ ਉਹ ਆਪਣੇ ਪਾਤਰਾਂ ਦੇ ਸੁਭਾਅ, ਰੁਚੀਆਂ ਤੇ ਵਤੀਰੇ ਨੂੰ ਚਿਤਰਦਾ ਹੈ। ਨਾਵਲ ਹੋਵੇ ਜਾਂ ਕਹਾਣੀ ਉਸ ਦੀ ਪੇਸ਼ਕਾਰੀ ਸਮੇਂ ਉਹ ਸਿੱਧੀ-ਸਪਾਟ ਗੱਲ ਆਖਣ ਨਾਲੋਂ ਆਪਣੇ ਅਨੁਭਵ ਨੂੰ ਕਲਪਨਾ ਤੇ ਪ੍ਰਤੀਕ ਦੇ ਧਰਾਤਲ ਉਪਰ ਉਤਾਰਦਾ ਹੈ। 'ਡੱਗੀ', 'ਲੂਣਦਾਨੀ', 'ਬਾਰਾਂ ਬੂਹੇ', 'ਪ੍ਰਿਜ਼ਮ', 'ਵੀਡਜ਼', 'ਰੀਟ੍ਰੀਟ', 'ਕੁਮੈਂਸਮੈਂਟ' ਅਤੇ 'ਸਕੰਕ' ਆਦਿ ਸਭ ਨਾਂ ਉਸ ਦੀਆਂ ਕਹਾਣੀਆਂ ਅੰਦਰਲੀਆਂ ਰਮਜ਼ਾਂ, ਸੰਕੇਤਾਂ ਅਤੇ ਇਸ਼ਾਰਿਆਂ ਵੱਲ ਇਸ਼ਾਰਾ ਕਰਦੇ ਹਨ। ਇਨ੍ਹਾਂ ਵਿਚਲੇ ਪ੍ਰਤੀਕ-ਪ੍ਰਬੰਧ ਨੂੰ ਖੋਲ੍ਹੇ ਬਗੈਰ ਇਨ੍ਹਾਂ ਕਹਾਣੀਆਂ ਦੇ ਛੁਪੇ ਅਤੇ ਗਹਿਨ ਅਰਥਾਂ ਤੱਕ ਨਹੀਂ ਅੱਪੜਿਆ ਜਾ ਸਕਦਾ।

'ਲੂਣਦਾਨੀ' ਕਹਾਣੀ ਸੰਗ੍ਰਹਿ ਦਾ ਉਨਵਾਨ ਹੀ ਇਸ ਵਿਚਲੀਆਂ ਕਹਾਣੀਆਂ ਦੀ ਆਪਸੀ ਸਾਂਝ, ਵੱਖਰਤਾ ਅਤੇ ਵਿਲੱਖਣ ਸੁਹਜ ਵੱਲ ਇਸ਼ਾਰਾ ਕਰਦਾ ਹੈ। ਲੂਣਦਾਨੀ ਦਾ ਬਾਹਰੀ ਚੌਖਟਾ ਇੱਕੋ ਹੁੰਦਾ ਹੈ ਪਰ ਇਸ ਅੰਦਰਲੇ ਵੱਖੋ ਵੱਖਰੇ ਖਾਨਿਆਂ ਵਿੱਚ ਵੱਖ-ਵੱਖ ਸ਼ੈਆਂ ਮੌਜੂਦ ਹੁੰਦੀਆਂ ਹਨ। ਇਨ੍ਹਾਂ ਨੌਂ ਕਹਾਣੀਆਂ ਦੀ ਪਰਸਪਰ ਸਾਂਝ ਹੈ ਕਿ ਇਹ ਪਰਵਾਸੀ ਵਰਤਾਰਿਆਂ ਅਤੇ ਅਨੁਭਵ ਦੇ ਇਰਦ-ਗਿਰਦ ਘੁੰਮਦੀਆਂ ਹਨ ਪਰ ਕਿਧਰੇ ਇਹ ਪਰਵਾਸੀ ਨਵੀਂ ਪੀੜ੍ਹੀ ਦੀਆਂ ਮਨੋਂ ਗੁੰਝਲਾਂ ਨੂੰ ਖੋਲ੍ਹਦੀਆਂ ਹਨ, ਕਿਧਰੇ ਰਿਸ਼ਤਿਆਂ ਦੇ ਵੱਖ-ਵੱਖ ਰੰਗਾਂ ਨੂੰ ਉਭਾਰਦੀਆਂ ਹਨ, ਕਿਧਰੇ ਨਸ਼ਿਆਂ ਦੇ ਵਪਾਰ ਨੂੰ ਉਜਾਗਰ ਕਰਦੀਆਂ ਹਨ, ਕਿਧਰੇ ਕਿਰਤ ਤੇ ਕਿਰਤੀ ਦੀ ਬੇਕਦਰੀ ਦਾ ਪ੍ਰਸੰਗ ਖੁੱਲ੍ਹਦਾ ਹੈ ਅਤੇ ਕਿਧਰੇ ਮਾਇਆ ਤੇ ਮੰਡੀ ਦੇ ਯੁੱਗ ਵਿੱਚ ਮੀਡੀਆਕਾਰਾਂ ਦੀ ਮੁਨਾਫ਼ਾ ਬਿਰਤੀ ਦੀਆਂ ਪਰਤਾਂ ਉੱਘੜ ਕੇ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਕਹਾਣੀਆਂ ਦੀ ਦੁਨੀਆਂ ਵਿੱਚ ਮਾਂ-ਬਾਪ, ਦਾਦਾ-ਦਾਦੀ, ਕਿਰਤੀ-ਕਾਮੇ, ਔਰਤ-ਮਰਦ ਅਤੇ ਬੱਚੇ ਉਸ ਦੇ ਅਨੁਭਵ ਦੇ ਪ੍ਰਗਟਾਵੇ ਦਾ ਸਾਧਨ ਬਣਦੇ ਹਨ। ਇਨ੍ਹਾਂ ਸਭਨਾਂ ਧਿਰਾਂ ਵਿੱਚ ਉਸ ਦੇ ਧਿਆਨ ਦਾ ਧੁਰਾ ਬਾਲ-ਧਿਰ ਯਾਨੀ ਪਰਵਾਸੀ ਸਮਾਜ ਦਾ ਭਵਿੱਖ ਬਣਦਾ ਹੈ। ਨਵੇਂ ਮਾਹੌਲ ਤੇ ਵਾਤਾਵਰਣ ਵਿੱਚ ਨਵੀਂ ਪੀੜ੍ਹੀ ਕਿਉਂ, ਕਿਵੇਂ ਤੇ ਕਿਸ ਤਰ੍ਹਾਂ ਭਟਕ ਰਹੀ, ਕੁਰਾਹੇ ਪੈ ਰਹੀ ਨਸ਼ਿਆਂ ਦੀ ਦਲਦਲ ਵਿੱਚ ਧਸ ਰਹੀ ਅਤੇ ਮਾਨਸਿਕ ਅਸੰਤੁਲਨ ਦਾ ਸ਼ਿਕਾਰ ਹੋ ਰਹੀ ਹੈ? ਇਨ੍ਹਾਂ ਸਥਿਤੀਆਂ ਨੂੰ ਉਹ ਨਵੀਂ ਪੀੜ੍ਹੀ ਨੂੰ ਕੇਂਦਰ ਵਿੱਚ ਰੱਖ ਕੇ ਮਹਿਜ਼ ਚਿਤਰਦਾ ਹੀ ਨਹੀਂ ਬਲਕਿ ਅਜਿਹੀਆਂ ਪ੍ਰਸਥਿਤੀਆਂ ਪਿੱਛੇ ਕੰਮ ਕਰਦੇ ਕਾਰਨਾਂ ਤਕ ਵੀ ਬਹੁਤ ਸੂਖ਼ਮ ਢੰਗ ਨਾਲ ਅੱਪੜ ਜਾਂਦਾ ਹੈ। ਕਹਾਣੀ ਕਲਾ ਦੀਆਂ ਅਟਕਲਾਂ ਵਰਤ ਕੇ ਕਲਾ ਦਾ ਲੋਕ ਹਿੱਤ ਲਈ ਇਸਤੇਮਾਲ ਕਿਵੇਂ ਕਰਨਾ ਚਾਹੀਦਾ ਹੈ? ਇਸ ਪ੍ਰਸ਼ਨ ਦਾ ਉੱਤਰ ਇਹ ਕਹਾਣੀਆਂ ਆਪਣੀ ਕਾਇਆ ਵਿੱਚ ਸਮੋਈ ਬੈਠੀਆਂ ਹਨ। ਉਹ ਨਵੀਂ ਪੀੜ੍ਹੀ ਦੇ ਨਾਲ ਖਲੋ ਕੇ ਮਾਂ-ਬਾਪ, ਦਾਦਾ-ਦਾਦੀ, ਰਿਸ਼ਤਿਆਂ ਅਤੇ ਮਾਹੌਲ ਦੇ ਆਰ-ਪਾਰ ਫੈਲ ਜਾਂਦਾ ਹੈ। 'ਬੇਵਿਸਾਹੀ ਦੀ ਰੁੱਤ' ਵਿਚਲਾ ਅਮੀਤ ਹੋਵੇ, 'ਮੋਹ-ਜਾਲ', ਕਹਾਣੀ ਵਿਚਲੀ ਰਮਣੀਕ ਜਾਂ 'ਗੁੰਮ ਪੰਨੇ' ਕਹਾਣੀ ਵਿਚਲਾ ਅਰਜਣ ਇਨ੍ਹਾਂ ਸਭਨਾਂ ਪਾਤਰਾਂ ਦੀ ਮਾਨਸਿਕਤਾ ਨੂੰ ਲੇਖਕ ਜਿਵੇਂ ਉਨ੍ਹਾਂ ਦੇ ਅੰਦਰ ਉਤਰ ਕੇ ਹੀ ਗਲਪ-ਬਿੰਬਾਂ ਵਿੱਚ ਢਾਲਦਾ ਹੈ। ਪੂੰਜੀ ਜਾਂ ਮਾਇਆ ਦੀ ਅੰਨੀ ਦੌੜ ਕਾਰਨ ਮਾਂ-ਬਾਪ ਦੀ ਔਲਾਦ ਪ੍ਰਤੀ ਬੇਧਿਆਨੀ ਦੇ ਸਿੱਟਿਆਂ ਨੂੰ ਇਹ ਕਹਾਣੀਆਂ ਬਾਖ਼ੂਬੀ ਚਿਤਰਦੀਆਂ ਹਨ। ਕਿਧਰੇ ਮਾਂ-ਬਾਪ ਬੱਚੇ ਦੀ ਮਾਨਸਿਕਤਾ ਤੇ ਉਸ ਅੰਦਰ ਪੈਦਾ ਹੋ ਰਹੀ ਹੀਣ-ਭਾਵਨਾ ਦੇ ਕਾਰਨਾਂ ਨੂੰ ਸਮਝ ਉਸ ਨੂੰ ਸਵੀਕਾਰਦੇ ਅਤੇ ਠੀਕ ਰਾਹ ਉੱਪਰ ਲਿਆਉਣ ਲਈ ਆਸਵੰਦ ਵੀ ਦਿਖਾਈ ਦਿੰਦੇ ਹਨ। 'ਸਕੰਕ' ਕਹਾਣੀ ਇਸ ਸੰਗ੍ਰਹਿ ਦੀ ਸ਼ਕਤੀਸ਼ਾਲੀ ਕਹਾਣੀ ਹੈ। ਕਹਾਣੀਕਾਰ ਪਾਤਰ ਗੁਨੀਤ ਦੇ ਵਿਹਾਰ ਪਿੱਛੇ ਕੰਮ ਕਰਦੇ ਕਾਰਨ ਨੂੰ ਛੁਪਾ-ਲੁਕਾਅ ਕੇ ਪਾਤਰ ਦੇ ਕੁਰਾਹੇ ਪਏ ਵਿਹਾਰ ਦੀ ਅੱਕਾਸੀ ਕਰਦਾ ਹੈ। ਉਸ ਬੱਚੀ ਦਾ ਵਿਹਾਰ ਪਹਿਲਾਂ ਘਿਨੌਣਾ, ਕੋਝਾ ਤੇ ਭੈੜਾ ਲੱਗਦਾ ਹੈ ਪਰ ਕਾਰਨ ਸਾਹਮਣੇ ਆਉਣ ਨਾਲ ਉਹ ਪੀੜਤ, ਦੁਖੀ ਤੇ ਹਮਦਰਦੀ ਦੀ ਪਾਤਰ ਦਿਖਾਈ ਦੇਣ ਲੱਗਦੀ ਹੈ। ਕਹਾਣੀ ਦਾ ਥੀਮ ਸਰੀਰਕ ਹਵਸ ਦਾ ਸ਼ਿਕਾਰ ਹੋ ਰਹੀ ਬੱਚੀ ਦੀ ਮਨੋਸਥਿਤੀ ਤੇ ਵਿਹਾਰ ਬਾਖ਼ੂਬੀ ਉਭਾਰਦਾ ਹੈ। 'ਵਿਰਾਸਤ' ਕਹਾਣੀ ਕਿਰਤ ਤੇ ਕਿਰਤੀ ਦੀ ਲੁੱਟ ਅਤੇ ਉਸ ਦੇ ਸੁਪਨਿਆਂ ਦੇ ਹਕੀਕਤ ਨਾਲ ਟਕਰਾਉਣ ਮਗਰੋਂ ਪਾਸ਼-ਪਾਸ਼ ਹੋਣ ਦੇ ਪ੍ਰਸੰਗ ਨੂੰ ਵੱਖ-ਵੱਖ ਘਟਨਾਵਾਂ ਰਾਹੀਂ ਖੋਲ੍ਹਦੀ ਹੈ। 'ਸਕੰਕ' ਕਹਾਣੀ ਵਾਂਗ 'ਵਿਰਾਸਤ' ਕਹਾਣੀ ਵਿਚਲੀ 'ਲੁਕਾਓ ਦੀ ਜੁਗਤ' ਇਸ ਦੇ ਸੁਹਜ-ਮੁੱਲ ਨੂੰ ਵਧਾਉਂਦੀ ਹੈ। ਕਿਰਤ ਦੀ ਵਿਰਾਸਤ ਅਤੇ ਮਾਲਕੀ ਦੇ ਪ੍ਰਚਲਿਤ ਵਰਤਾਰੇ ਹੇਠ ਹੀ ਕਿਰਤੀ ਦੀ ਤ੍ਰਾਸਦੀ ਛੁਪੀ ਹੋਈ ਹੈ। ਮਾਲਕ ਆਪਣੇ ਹੋਣ ਜਾਂ ਪਰਾਏ, ਲੁੱਟ ਜਾਂ ਸ਼ੋਸ਼ਣ ਦਾ ਸੁਭਾਅ ਉਹੀ ਰਹਿੰਦਾ ਹੈ। 'ਵੀਡਜ਼' ਕਹਾਣੀ ਵੀ ਸ਼ੋਸ਼ਣ ਤੇ ਲੁੱਟ ਦੇ ਵਰਤਾਰਿਆਂ ਨੂੰ ਬੇਪਰਦ ਕਰਦੀ ਹੈ। ਮਾਨਵੀ ਰਿਸ਼ਤਿਆਂ ਦੀ ਸੂਖ਼ਮਤਾ ਅਤੇ ਇੱਕ ਝਟਕੇ ਨਾਲ ਕੋਮਲ ਭਾਵਨਾਵਾਂ ਦੇ ਟੁੱਟ-ਤਿੜਕ ਜਾਣ ਦੇ ਦੀਦਾਰ 'ਉਹ ਰਾਤ' ਕਹਾਣੀ ਵਿੱਚੋਂ ਹੁੰਦੇ ਹਨ। 'ਰੀਟ੍ਰੀਟ' ਕਹਾਣੀ ਔਰਤ ਦੇ ਮਨ ਦੀਆਂ ਪਰਤਾਂ ਦੇ ਇੱਕ ਵੱਖਰੇ ਪਾਸਾਰ ਨੂੰ ਉਜਾਗਰ ਕਰਦੀ ਹੈ।

'ਲੂਣਦਾਨੀ' ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੀ ਤਾਕਤ ਪ੍ਰਗਟਾਵੇ ਦੀ ਜਗ੍ਹਾ ਲੁਕਾਵੇ ਵਿੱਚ ਪਈ ਹੈ। ਕਹਾਣੀਕਾਰ ਕਹਿੰਦਾ ਨਹੀਂ, ਦਿਖਾਉਂਦਾ ਹੈ। ਵਾਸਤਵਿਕਤਾ ਨੂੰ ਕਲਪਨਾ ਦੇ ਧਰਾਤਲ ਉਪਰ ਟਿਕਾਅ ਪ੍ਰਤੀਕ ਵਿੱਚ ਢਾਲਣ ਦੀ ਅਟਕਲ ਉਹ ਖ਼ੂਬ ਜਾਣਦਾ ਹੈ। ਬੇਸ਼ੱਕ ਉਸ ਸ਼ਾਇਰੀ ਨਹੀਂ ਕੀਤੀ ਪਰ ਪਾਤਰਾਂ ਦੀ ਪੀੜਾ, ਉਨ੍ਹਾਂ ਨਾਲ ਵਾਪਰੇ ਹਾਦਸਿਆਂ ਅਤੇ ਉਨ੍ਹਾਂ ਦੇ ਸੁਪਨਿਆਂ ਦੇ ਟੁੱਟਣ-ਤਿੜਕਣ ਨੂੰ ਚਿਤਰਣ ਸਮੇਂ ਉਸ ਦਾ ਅੰਦਾਜ਼ ਕਾਵਿਕ ਵੀ ਹੋ ਜਾਂਦਾ ਹੈ। ਲੰਮਾ ਸਮਾਂ ਆਪਣੀ ਧਰਤੀ, ਲੋਕਾਂ, ਸਭਿਆਚਾਰ ਅਤੇ ਭਾਸ਼ਾ ਤੋਂ ਫਾਸਲੇ ਉਪਰ ਵਿਚਰਣ ਦੇ ਬਾਵਜੂਦ ਇਹ ਕਹਾਣੀਆਂ ਉਸ ਦੀ ਭਾਸ਼ਾਈ ਸਮਰੱਥਾ ਨੂੰ ਪ੍ਰਗਟਾਉਂਦੀਆਂ ਹਨ। ਇਹ ਕਹਾਣੀਆਂ ਪੜ੍ਹਨਯੋਗ ਵੀ ਹਨ ਤੇ ਗੌਲਣਯੋਗ ਵੀ।



ਹਰਪ੍ਰੀਤ ਸੇਖਾ,
98557-19118

## (ਤੇਰੀਆਂ ਯਾਦਾਂ)

ਅੜਿਆ !
ਦੱਸ ਖਾਂ ਵੇ ਅੜਿਆ !!
ਕੀ ਕਰਾਂ ਮੈਂ ਤੇਰੀਆਂ ਯਾਦਾਂ ਦਾ !!!
ਜਿੰਨਾ ਮੈਂ ਇਹਨਾਂ ਤੋਂ ਪਿੱਛਾ
ਛੁਡਾਉਂਦੀ ਹਾਂ !
ਉਹ ਆਨੀ ਬਹਾਨੀ ਆ ਮੈਨੂੰ
ਘੇਰਾ ਘੱਤ ਲੈਂਦੀਆਂ ਨੇ !!
ਤੂੰ ਜਾਂਦਾ ਜਾਂਦਾ ਇਹਨਾਂ ਯਾਦਾਂ ਨੂੰ
ਨਾਲ ਕਿਉਂ ਨਹੀਂ ਲੈ ਗਿਆ !
ਜੋ ਮੈਨੂੰ ਹਰ ਵੇਲੇ ਬੇਚੈਨ
ਕਰ ਰੱਖਦੀਆਂ ਨੇ !!
ਅੜਿਆ !
ਦੱਸ ਖਾਂ ਵੇ ਅੜਿਆ !!
ਕੀ ਕਰਾਂ ਮੈਂ ਤੇਰੀਆਂ ਯਾਦਾਂ ਦਾ !!!
ਜੱਦ ਮੈਂ ਬੂਹਾ ਢੋਣ ਲਈ
ਜਾਂਦੀ ਹਾਂ ਤਾਂ !
ਉਹ ਹਵਾ ਦਾ ਝੋਂਕਾ ਬਣ
ਅੰਦਰ ਆ ਜਾਂਦੀਆਂ ਨੇ !!
ਜੱਦ ਮੈਂ ਸੌਣ ਦੀ ਕੋਸ਼ਿਸ਼
ਕਰਦੀ ਹਾਂ ਤੇ ਉਹ !
ਪਲਕਾਂ ਵਿੱਚ ਅੱਥਰੂ ਬਣ
ਠਹਿਰ ਜਾਂਦੀਆਂ ਨੇ !!
ਅੜਿਆ !
ਦੱਸ ਖਾਂ ਵੇ ਅੜਿਆ !!
ਕੀ ਕਰਾਂ ਮੈਂ ਤੇਰੀਆਂ ਯਾਦਾਂ ਦਾ !!!
ਨਾ ਮੈਂ ਤੇਰੀ ਨਾ ਤੂੰ ਮੇਰਾ
ਫਿਰ ਇਹ ਅਹਿਸਾਸ ਕੈਸਾ !
ਤੇਰੇ ਸਾਹਾਂ ਦੀ ਧੜਕਣ
ਮੇਰੇ ਸਾਹਾਂ ਵਿੱਚ ਮਹਿਸੂਸ ਹੁੰਦੀ ਹੈ !!
ਜੱਦ ਮੈਂ ਤੁਰਦੀ ਹਾਂ ਤੇ ਉਹ
ਪ੍ਰਛਾਵਾਂ ਬਣ ਨਾਲ ਤੁਰਦੀਆਂ ਨੇ !
ਜੱਦ ਮੈਂ ਖ਼ੁਸ਼ ਹੁੰਦੀ ਹਾਂ ਤੇ !!
ਉਹ ਮਹਿਕ ਬਣ ਫ਼ਿਜ਼ਾ ਨੂੰ
ਮਹਿਕਾ ਦਿੰਦੀਆਂ ਨੇ !!!
ਅੜਿਆ !
ਦੱਸ ਖਾਂ ਵੇ ਅੜਿਆ !!
ਕੀ ਕਰਾਂ ਮੈਂ ਤੇਰੀਆਂ ਯਾਦਾਂ ਦਾ !!!
ਜੱਦ ਮੈਂ ਕੁਝ ਗੁਣਗੁਣਾਉਂਦੀ ਹਾਂ !
ਤੇ ਉਹ ਗੀਤ ਬਣ ਮੇਰੇ ਹੋਂਠਾਂ ਤੇ
ਆ ਜਾਂਦੀਆਂ ਨੇ !!
ਜੱਦ ਮੈਂ ਕੁਝ ਲਿਖਣ ਬੈਠਦੀ ਹਾਂ !
ਤੇ ਉਹ ਕਵਿਤਾ ਬਣ ਲਿਖੀ ਜਾਂਦੀ ਹੈ !!
ਸ਼ਾਇਦ ਤੇਰੀਆਂ ਯਾਦਾਂ ਦਾ !
ਬਾਰ ਬਾਰ ਆਉਣਾ !
ਇਹੀ ਸਾਡੀ ਸੱਚੀ ਸੁੱਚੜੀ
ਰੂਹ ਦੀ ਪ੍ਰੀਤ ਹੈ !!
ਅੜਿਆ !
ਦੱਸ ਖਾਂ ਵੇ ਅੜਿਆ !!
ਕੀ ਕਰਾਂ ਮੈਂ ਤੇਰੀਆਂ ਯਾਦਾਂ ਦਾ !!!
ਅੜਿਆ !
ਤੇਰੀਆਂ ਯਾਦਾਂ !!
ਹਾਏ !
ਤੇਰੀਆਂ ਯਾਦਾਂ !!!



(ਰਮਿੰਦਰ ਰਮੀ)

# ਜਦੋਂ ਸ਼ੱਕੀ ਪਤਨੀ ਨੇ ਅੰਨ੍ਹਾਂ ਕੇਸ ਹੱਲ ਕਰਵਾਇਆ




ਕਈ ਔਰਤਾਂ ਨੂੰ ਆਪਣੇ ਪਤੀ ਨੂੰ ਹਮੇਸ਼ਾਂ ਸ਼ੱਕ ਦੀ ਨਜ਼ਰ ਨਾਲ ਵੇਖਣ ਦੀ ਆਦਤ ਹੁੰਦੀ ਹੈ ਚਾਹੇ ਉਹ 100 ਸਾਲ ਦਾ ਬੁੱਢਾ ਹੀ ਕਿਉਂ ਨਾ ਹੋਵੇ। ਮੇਰੀ ਨੌਕਰੀ ਦੌਰਾਨ ਹੋਈ ਸਭ ਤੋਂ ਵੱਡੀ ਚੋਰੀ ਅਜਿਹੀ ਹੀ ਇੱਕ ਸ਼ੱਕੀ ਔਰਤ ਦੇ ਕਾਰਨ ਹੱਲ ਹੋਈ ਸੀ। ਮੈਂ ਇੱਕ ਸਬ ਡਵੀਜ਼ਨ ਵਿਖੇ ਬਤੌਰ ਡੀ.ਐਸ.ਪੀ. ਤਾਇਨਾਤ ਸੀ ਕਿ ਇੱਕ ਦਿਨ ਸਵੇਰੇ 10 ਕੁ ਵਜੇ ਇੱਕ ਐਸ.ਐਚ.ਉ. ਦਾ ਫੋਨ ਆਇਆ ਜੋ ਕਾਫੀ ਘਬਰਾਇਆ ਹੋਇਆ ਸੀ। ਉਸ ਨੇ ਦੱਸਿਆ ਕਿ ਉਸ ਦੇ ਇਲਾਕੇ ਦੇ ਇੱਕ ਬੈਂਕ ਵਿੱਚ ਚੋਰੀ ਹੋ ਗਈ ਹੈ। ਕੁਦਰਤੀ ਘਟਨਾ ਮੇਰੇ ਦਫਤਰ ਦੇ ਨਜ਼ਦੀਕ ਹੀ ਘਟੀ ਸੀ ਜਿਸ ਕਾਰਨ ਮੈਂ 10 – 15 ਮਿੰਟਾਂ ਵਿੱਚ ਹੀ ਮੌਕੇ 'ਤੇ ਪਹੁੰਚ ਗਿਆ। ਜਿਸ ਬੈਂਕ ਦੀ ਸ਼ਾਖਾ ਵਿੱਚ ਡਾਕਾ ਪਿਆ ਸੀ, ਉਹ ਸੋਨਾ ਗਿਰਵੀ ਰੱਖ ਕੇ ਕਰਜ਼ਾ ਦੇਣ ਵਾਲੀ ਇੱਕ ਪ੍ਰਸਿੱਧ ਬੈਂਕ ਸੀ ਜਿਸ ਦੀਆਂ ਭਾਰਤ ਭਰ ਵਿੱਚ ਸ਼ਾਖਾਵਾਂ ਸਨ। ਜਦੋਂ ਮੈਨੇਜਰ ਤੋਂ ਪੁੱਛ ਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਬੈਂਕ ਦੀਆਂ ਚਾਬੀਆਂ ਉਸ ਕੋਲ ਹੁੰਦੀਆਂ ਹਨ। ਅੱਜ ਸਵੇਰੇ ਜਦੋਂ ਉਸ ਨੇ ਬੈਂਕ ਖੋਲ੍ਹਿਆ ਤਾਂ ਪਤਾ ਲੱਗਾ ਕਿ ਲਾਕਰ ਰੂਮ ਦਾ ਦਰਵਾਜ਼ਾ ਗੈਸ ਕਟਰ ਨਾਲ ਕੱਟ ਕੇ ਚੋਰਾਂ ਨੇ 18 ਕਿੱਲੋ ਸੋਨਾ ਚੋਰੀ ਕਰ ਲਿਆ ਹੈ। ਉਸ ਬੈਂਕ ਵਿੱਚ ਸ਼ਨੀਵਾਰ ਅਤੇ ਐਤਵਾਰ ਨੂੰ ਛੁੱਟੀ ਰਹਿੰਦੀ ਸੀ ਇਸ ਕਾਰਨ ਲੱਗਦਾ ਸੀ ਕਿ ਚੋਰਾਂ ਨੇ ਸ਼ਨੀਵਾਰ ਨੂੰ ਬੈਂਕ ਵਿੱਚ ਘੁਸਪੈਠ ਕੀਤੀ ਸੀ ਤੇ ਅਰਾਮ ਨਾਲ ਦੋ ਦਿਨ ਲਾਕਰ ਦਾ ਦਰਵਾਜ਼ਾ ਕੱਟਦੇ ਰਹੇ ਸਨ। 18 ਕਿੱਲੋ ਸੋਨਾ ਅੱਜ ਦੇ ਹਿਸਾਬ ਨਾਲ 15 – 16 ਕਰੋੜ ਦੇ ਬਰਾਬਰ ਹੈ। ਵਾਰਦਾਤ ਵੱਡੀ ਹੋਣ ਕਾਰਨ ਜ਼ਿਲ੍ਹੇ ਦਾ ਐਸ.ਐਸ.ਪੀ. ਮੌਕੇ 'ਤੇ ਪਹੁੰਚ ਗਿਆ ਤੇ ਹਰ ਹਾਲਤ ਵਿੱਚ ਕੇਸ ਟਰੇਸ ਕਰਨ ਦੀ ਹਦਾਇਤ ਕੀਤੀ। ਉਸ ਦੇ ਜਾਣ ਤੋਂ ਬਾਅਦ ਮੈਂ ਸਿਆਣੇ ਮੁਲਾਜ਼ਮਾਂ ਦੀ ਇੱਕ ਟੀਮ ਗਠਿਤ ਕੀਤੀ ਤੇ ਕਾਰਵਾਈ ਸ਼ੁਰੂ ਕਰ ਦਿੱਤੀ। ਦੋ ਕੁ ਦਿਨਾਂ ਬਾਅਦ ਇੱਕ ਸਿਆਣੇ ਹੌਲਦਾਰ ਨੇ ਦੱਸਿਆ ਕਿ ਬਜ਼ਾਰ ਵਿੱਚ ਚਰਚਾ ਹੈ ਕਿ ਜਿਸ ਦਿਨ ਦਾ ਡਾਕਾ ਪਿਆ ਹੈ, ਬੈਂਕ ਦੇ ਸਾਹਮਣੇ ਵਾਲੀ ਦੁਕਾਨ ਬੰਦ ਹੈ। ਜਦੋਂ ਅਸੀਂ ਉਸ ਦੁਕਾਨ 'ਤੇ ਪਹੁੰਚੇ ਤਾਂ ਉਥੇ ਜਿੰਦਰਾ ਵੱਜਾ ਹੋਇਆ ਸੀ। ਗੁਆਂਢੀ ਦੁਕਾਨਦਾਰਾਂ ਤੋਂ ਪਤਾ ਲੱਗਾ ਕਿ ਇਹ ਦੁਕਾਨ ਚੰਪਕ ਲਾਲ (ਕਾਲਪਨਿਕ ਨਾਮ) ਦੀ ਹੈ ਜੋ ਉਸ ਨੇ ਡੇਢ ਦੋ ਮਹੀਨੇ ਪਹਿਲਾਂ ਕੁਝ ਵਿਅਕਤੀਆਂ ਨੂੰ ਕਿਰਾਏ 'ਤੇ ਦਿੱਤੀ ਸੀ। ਚੰਪਕ ਲਾਲ ਨੂੰ ਥਾਣੇ ਬੁਲਾਇਆ ਗਿਆ ਤਾਂ ਉਸ ਨੇ ਦੱਸਿਆ ਕਿ ਇਹ ਦੁਕਾਨ ਉਸ ਨੇ ਦਸ ਹਜ਼ਾਰ ਮਹੀਨਾ ਕਿਰਾਏ 'ਤੇ ਗੇਜਾ ਸਿੰਘ (ਕਾਲਪਨਿਕ ਨਾਮ) ਨੂੰ ਦਿੱਤੀ ਸੀ। ਉਸ ਨੂੰ ਨਾਲ ਲਿਜਾ ਕੇ ਜਦੋਂ ਦੁਕਾਨ ਦਾ ਤਾਲਾ ਤੋੜਿਆ ਗਿਆ ਤਾਂ ਅੰਦਰ ਕੁਝ ਵੀ ਨਹੀਂ ਸੀ।

ਮਜ਼ੀਦ ਪੁੱਛ ਪੜਤਾਲ ਕਰਨ 'ਤੇ ਚੰਪਕ ਲਾਲ ਨੇ ਦੱਸਿਆ ਕਿ ਉਸ ਨੇ ਦੁਕਾਨ ਕਿਰਾਏ 'ਤੇ ਦੇਣ ਸਮੇਂ ਗੇਜਾ ਸਿੰਘ ਦੇ ਅਧਾਰ ਕਾਰਡ ਦੀ ਕਾਪੀ ਲਈ ਸੀ ਜੋ ਉਸ ਨੇ ਸਾਨੂੰ ਦੇ ਦਿੱਤੀ। ਜਿਵੇਂ ਕਿ ਉਮੀਦ ਸੀ, ਉਹ ਜਾਅਲੀ ਨਿਕਲੀ ਤੇ ਉਸ 'ਤੇ ਲੱਗੀ ਫੋਟੋ ਬਹੁਤ ਹੀ ਖਰਾਬ ਹਾਲਤ ਵਿੱਚ ਸੀ। ਦੋ ਚਾਰ ਦਿਨਾਂ ਬਾਅਦ ਮੈਂ ਚੰਪਕ ਲਾਲ ਨੂੰ ਫਿਰ ਆਪਣੇ ਦਫਤਰ ਬੁਲਾਇਆ ਤੇ ਪੁੱਛਿਆ ਕਿ ਉਹ ਕੋਈ ਅਜਿਹੀ ਗੱਲ ਬਾਰੇ ਸੋਚੇ ਜੋ ਅਸੀਂ ਪੁੱਛਣਾ ਜਾਂ ਉਹ ਦੱਸਣਾ ਭੁੱਲ ਗਿਆ ਹੋਵੇ। ਉਹ ਦਸ ਪੰਦਰਾਂ ਮਿੰਟ ਸੋਚ ਕੇ ਬੋਲਿਆ ਕਿ ਗੇਜਾ ਸਿੰਘ ਨੇ ਸੰਪਰਕ ਕਰਨ ਉਸ ਨੂੰ ਆਪਣਾ ਇੱਕ ਮੋਬਾਇਲ ਨੰਬਰ ਵੀ ਦਿੱਤਾ ਸੀ। ਮੈਂ ਫੌਰਨ ਉਸ ਮੋਬਾਇਲ 'ਤੇ ਕਾਲ ਕੀਤੀ ਤਾਂ ਉਹ ਅੱਗੋਂ ਬੰਦ ਮਿਲਿਆ। ਮੈਂ ਉਸੇ ਵੇਲੇ ਸਬੰਧਿਤ ਥਾਣੇ ਦੇ ਐਸ.ਐਚ.ਉ. ਨੂੰ ਬੁਲਾਇਆ ਤੇ ਉਸ ਨੰਬਰ ਦੀ ਕਾਲ ਡਿਟੇਲ ਕਢਵਾਉਣ ਲਈ ਕਿਹਾ। ਕੇਸ ਬਹੁਤ ਹਾਈ ਪ੍ਰੋਫਾਈਲ ਸੀ ਸੋ ਦੋ ਦਿਨ ਵਿੱਚ ਹੀ ਕਾਲ ਡਿਟੇਲ ਆ ਗਈ। ਉਸ ਨੰਬਰ ਤੋਂ ਸਿਰਫ ਤਿੰਨ ਬੰਦਿਆਂ ਨੂੰ, ਜੋ ਕਿ ਉਸ ਦੇ ਸਾਥੀ ਸਨ, ਫੋਨ ਹੁੰਦਾ ਸੀ। ਜਦੋਂ ਉਨ੍ਹਾਂ ਦੇ ਨੰਬਰਾਂ 'ਤੇ ਕਾਲ ਕੀਤੀ ਗਈ ਤਾਂ ਉਹ ਵੀ ਬੰਦ ਮਿਲੇ। ਜਿਸ ਦੁਕਾਨਦਾਰ ਤੋਂ ਦੋ ਕੁ ਮਹੀਨੇ ਪਹਿਲਾਂ ਸਿਮ ਨੰਬਰ ਅਤੇ ਮੋਬਾਇਲ ਖਰੀਦੇ ਗਏ ਸਨ, ਉਸ ਦੀ ਪੁੱਛ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਉਥੇ ਵੀ ਚੰਪਕ ਲਾਲ ਵਾਲਾ ਹੀ ਅਧਾਰ ਕਾਰਡ ਦਿੱਤਾ ਗਿਆ ਸੀ।

ਤਫਤੀਸ਼ ਮੁੜ ਘਿੜ ਕੇ ਫਿਰ ਜ਼ੀਰੋ 'ਤੇ ਪਹੁੰਚ ਗਈ। ਮੈਂ ਕਾਲ ਡਿਟੇਲ ਐਸ.ਐਚ.ਉ. ਤੋਂ ਲੈ ਕੇ ਦੁਬਾਰਾ ਘੋਖਣ ਲੱਗ ਗਿਆ ਤਾਂ ਵੇਖਿਆ ਕਿ ਡਾਕੇ ਤੋਂ ਹਫਤਾ ਕੁ ਪਹਿਲਾਂ ਗੇਜੇ ਦੇ ਨੰਬਰ ਤੋਂ ਕਿਸੇ ਨੰਬਰ 'ਤੇ ਦੋ – ਤਿੰਨ ਸਕਿੰਟ ਦੀ ਕਾਲ ਹੋਈ ਸੀ। ਮੈਂ ਉਸ ਨੰਬਰ 'ਤੇ ਕਾਲ ਕੀਤੀ ਤਾਂ ਉਹ ਫੋਨ ਚੱਲ ਰਿਹਾ ਸੀ। ਅੱਗੋਂ ਇੱਕ ਔਰਤ ਦੀ ਅਵਾਜ਼ ਆਈ ਤਾਂ ਮੈਂ ਉਸ ਨੂੰ ਝੂਠ ਮਾਰ ਦਿੱਤਾ ਕਿ ਕੀ ਇਹ ਸੁੱਚਾ ਸਿੰਘ ਦਾ ਨੰਬਰ ਹੈ? ਉਸ ਨੇ ਕਿਹਾ ਨਹੀਂ ਜੀ, ਇਹ ਸੁੱਚਾ ਸਿੰਘ ਦਾ ਨੰਬਰ ਨਹੀਂ ਹੈ। ਮੈਂ ਇਹ ਕਹਿ ਕੇ ਸੌਰੀ ਰੌਂਗ ਨੰਬਰ ਲੱਗ ਗਿਆ ਹੈ, ਫੋਨ ਕੱਟ ਦਿੱਤਾ। ਜਦੋਂ ਉਸ ਨੰਬਰ ਦਾ ਐਡਰੈਸ ਅਤੇ ਕਾਲ ਡਿਟੇਲ ਕਢਵਾਈ ਗਈ ਤਾਂ ਪਤਾ ਲੱਗਾ ਕਿ ਉਹ ਪਿੰਡ ਸਮਾਣੇ ਤੋਂ 8 – 10 ਕਿ.ਮੀ. ਦੂਰ ਹਰਿਆਣੇ ਵਿੱਚ ਪੈਂਦਾ ਹੈ।

ਅਸੀਂ ਅਗਲੇ ਦਿਨ ਤੜ੍ਹਕੇ ਚਾਰ ਵਜੇ ਹੀ ਉਸ ਘਰ 'ਤੇ ਰੇਡ ਕਰ ਦਿੱਤੀ ਤੇ ਗੇਜਾ ਸਿੰਘ ਕਾਬੂ ਆ ਗਿਆ। ਉਸ ਵਿਅਕਤੀ ਦਾ ਅਸਲ ਨਾਮ ਗੇਜਾ ਸਿੰਘ ਨਹੀਂ ਬਲਕਿ ਹਰੀ ਰਾਮ (ਕਾਲਪਨਿਕ ਨਾਮ) ਸੀ। ਥਾਣਾ ਸਮਾਣਾ ਲਿਆ ਕੇ ਜਦੋਂ ਉਸ ਦੀ ਟਹਿਲ ਸੇਵਾ ਕੀਤੀ ਗਈ ਤਾਂ ਉਹ ਤੋਤੇ ਵਾਂਗ ਬੋਲਣ ਲੱਗ ਪਿਆ। ਉਸ ਨੇ ਆਪਣੇ ਖੇਤਾਂ ਵਿੱਚ ਦਬਾ ਕੇ ਰੱਖਿਆ ਹੋਇਆ ਸਾਰਾ ਸੋਨਾ ਵੀ ਬਰਾਮਦ ਕਰਵਾ ਦਿੱਤਾ ਤੇ ਤਿੰਨੇ ਸਾਥੀ ਵੀ ਗ੍ਰਿਫ਼ਤਾਰ ਕਰਵਾ ਦਿੱਤੇ। ਹਰੀ ਰਾਮ 'ਤੇ ਹਰਿਆਣੇ ਦੇ ਵੱਖ ਵੱਖ ਥਾਣਿਆਂ ਵਿੱਚ ਚੋਰੀ, ਖੋਹ ਆਦਿ ਦੇ ਦਰਜ਼ਨਾਂ ਮੁਕੱਦਮੇ ਦਰਜ਼ ਸਨ ਤੇ ਉਸ ਵੇਲੇ ਉਹ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਸੀ। ਹੁਣ ਗੱਲ ਕਰਦੇ ਹਾਂ ਉਸ ਦੋ ਸਕਿੰਟ ਦੀ ਮਿੱਸ ਕਾਲ ਦੀ ਜਿਸ ਨੇ ਸਾਰਾ ਮਾਮਲਾ ਹੱਲ ਕਰਵਾਇਆ ਸੀ। ਹਰੀ ਰਾਮ ਦੀ ਪਤਨੀ ਸੁਨੀਤਾ ਰਾਣੀ (ਕਾਲਪਨਿਕ ਨਾਮ) ਬਹੁਤ ਹੀ ਸ਼ੱਕੀ ਕਿਸਮ ਦੀ ਔਰਤ ਸੀ। ਇੱਕ ਦਿਨ ਉਸ ਨੇ ਵੇਖਿਆ ਕਿ ਹਰੀ ਰਾਮ ਦੇ ਸਿਰਹਾਣੇ ਥੱਲੇ ਇੱਕ ਹੋਰ ਮੋਬਾਇਲ ਫੋਨ ਪਿਆ ਹੈ। ਉਸ ਦਾ ਸ਼ੱਕ ਹੋਰ ਗਹਿਰਾ ਹੋ ਗਿਆ ਕਿ ਇਹ ਨਵਾਂ ਮੋਬਾਇਲ ਹਰੀ ਰਾਮ ਨੇ ਆਪਣੀਆਂ ਗਰਲ ਫਰੈਂਡਾਂ ਨਾਲ ਗੱਲਾਂ ਬਾਤਾਂ ਮਾਰਨ ਲਈ ਲਿਆ ਹੋਣਾ ਹੈ। ਉਸ ਵੇਲੇ ਹਰੀ ਰਾਮ ਨਹਾ ਰਿਹਾ ਸੀ ਸੋ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਉਸ ਨੇ ਮੋਬਾਇਲ ਨੂੰ ਔਨ ਕਰ ਕੇ ਆਪਣੇ ਫੋਨ 'ਤੇ ਮਿੱਸ ਕਾਲ ਮਾਰ ਕੇ ਨੰਬਰ ਸੇਵ ਕਰ ਲਿਆ। ਜਦੋਂ ਹਰੀ ਰਾਮ ਨਹਾ ਕੇ ਬਾਹਰ ਨਿਕਲਿਆ ਤਾਂ ਉਸ ਨੇ ਉਸ ਨਾਲ ਨਵੇਂ ਮੋਬਾਇਲ ਕਾਰਨ ਰੱਜ ਕੇ ਲੜਾਈ ਝਗੜਾ ਕੀਤਾ। ਪਰ ਉਸ ਦੀ ਮਿੱਸ ਕਾਲ ਤੇ ਸ਼ੱਕੀ ਤਬੀਅਤ ਕਾਰਨ ਸਾਡਾ ਕੇਸ ਟਰੇਸ ਹੋ ਗਿਆ ਤੇ ਸਿਰਦਰਦੀ ਖਤਮ ਹੋਈ।

ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ 95011-00062

## ਸਾਂਝੇ ਵਾਰ ਨੇ ਬੋਹੜ ਅਨਾਰ ਕੀਤਾ

ਵੇਲਾ ਆ ਗਿਆ ਚੋਲ਼ਾ ਲੀਰ ਹੋਇਆ
ਖ਼ਾਲਸ ਫੁੱਲ ਹੋਏ ਪ੍ਰਵਾਨ ਮੱਥੇ
ਵਾਂਗ ਸ਼ਿੱਦਤਾਂ ਡੂੰਘਾ ਟੱਕ ਲੱਗਾ
ਧਾਰ ਖ਼ੂਨ ਦੀ ਸੁਖਮਨੀ ਸਾਹਿਬ ਜੱਪੇ।

ਸਾਂਝੇ ਵਾਰ ਨੇ ਬੋਹੜ ਅਨਾਰ ਕੀਤਾ
ਵਚਨ ਸਿੰਘ ਦਾ ਝੂਠਾ ਹੋਣ ਲੱਗਾ
ਦਸਮ ਜੋਤ ਨੇ ਸਿਰ ਤੇ ਹੱਥ ਧਰਿਆ
ਖੰਡਾ ਜਾਗਿਆ ਲੋਹਾ ਗੌਣ ਲੱਗਾ।

ਨੰਗੇ ਪੈਰਾਂ ਚ ਮਿਰਗ ਚੁੰਗੀਆਂ ਨੇ
ਨੀਲੇ ਬਾਣਿਆਂ ਚ ਤੇਗ ਤੂਫ਼ਾਨ ਸੁੱਤੇ
ਤੀਰ ਭੱਥਿਆਂ ਨੂੰ ਅਰਕਾਂ ਮਾਰ ਆਖਣ
ਸਾਹ ਦੁਸ਼ਟ ਪਰੋ ਦੀਏ ਨੋਕ ਉੱਤੇ।

ਰੋਹ ਢਲਿਆ ਅਕੀਦਤਾਂ ਵਿੱਚ ਏਦਾਂ
ਕਿਹੜਾ ਕੀ ਏ ਪਤਾ ਕੀ ਲੱਗੇ
ਤਲਵਾਰ ਖਣਕਦੀ ਚੂੜੀਆਂ ਗਗਨ ਵੀਣੀ
ਨੇਜ਼ੇ ਢਾਲ ਤੇ ਖੜਤਾਲ਼ ਵੱਜੇ।

ਮਿੱਟੀ ਹੋਈ ਸਵੱਲੀ ਭਾਗ ਲੱਗੇ
ਜਦ ਕਾਠੀਓਂ ਟੁੱਟ ਗੁਲਾਬ ਡਿੱਗੇ
ਦਰ ਖੁੱਲ੍ਹ ਗੇ ਅਨਹਦ ਨਾਦ ਬਾਜੇ
ਦੂਰ ਅੱਪੜੇ ਨਗਾਰੇ ਡਗ ਸਿੱਧੇ।

ਤੁਰਿਆ ਅਜਬ ਹਠੀਲਾ ਸਾਜ਼ ਵੇਖੋ
ਇਕਤਾਰਾ ਖੰਡੇ ਦੀ ਤਾਰ ਵੇਖੋ
ਪਾਕ ਪਰਿਕਰਮਾਂ ਸਾਜ਼ ਨਵਾਜ਼ ਵੇਖੋ
ਤਨ ਕੀਰਤਨ ਕਰਤਾਰ ਵੇਖੋ।

ਫਟਨਾ ਲਾਜ਼ਮੀ ਪੀਂਘ ਸਤਰੰਗੀਆਂ ਲਈ
ਉਂਜ ਰੌਸ਼ਨੀ ਦਾ ਕਿਹੜਾ ਰੰਗ ਹੁੰਦਾ?
ਕਾਇਆ ਕੰਚਨ ਅਹਿਰਨ ਬਿਨ ਕਿੱਦਾਂ
ਖਰੇ ਸੋਨਿਆਂ ਚ ਅੱਗ ਦਾ ਰੰਗ ਹੁੰਦਾ
ਕਾਇਆ ਕੰਚਨ ਅਹਿਰਨ ਬਿਨ ਕਿੱਦਾਂ
ਖਰੇ ਸੋਨਿਆਂ ਚ ਅੱਗ ਦਾ ਡੰਗ ਹੁੰਦਾ।

ਬਿਕਰਮ ਸੋਹੀ



# ਗੁਰੂ ਕਰਤਾ ਹਰਿ ਰਾਇ



ਗੁਰੂ ਹਰਿਰਾਇ ਜੀ ਦਾ ਜਨਮ 16 ਜਨਵਰੀ 1630 ਈਸਵੀ ਨੂੰ ਪਿਤਾ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ ਜਿਲਾ ਰੋਪੜ ਵਿਖੇ ਹੋਇਆ । ਜਿੱਥੇ ਅੱਜਕਲ੍ਹ ਗੁਰਦੁਆਰਾ ਸ਼ੀਸ਼ ਮਹਲ ਸੁਸ਼ੋਭਿਤ ਹੈ। ਆਪ ਜੀ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ। ਆਪ ਜੀ ਨੂੰ ਬਚਪਨ ਵਿਚ ਹੀ ਸ਼ਸ਼ਤਰ ਅਤੇ ਸ਼ਾਸ਼ਤਰ ਵਿਦਿਆ ਦਿੱਤੀ ਗਈ।ਆਪ ਜੀ ਸ਼ੁਰੂ ਤੋਂ ਹੀ ਸੰਤ ਸੁਭਾਅ ਦੇ ਮਾਲਕ ਸਨ। ਪ੍ਰਭੂ ਦੀ ਬੰਦਗੀ ਵਿਚ ਆਪਣਾ ਸਮਾਂ ਗੁਜਾਰਦੇ ਸਨ। ਸਤਿ ਸੰਤੋਖ , ਸਬਰ, ਅਤੇ ਕੋਮਲਤਾ ਆਪ ਜੀ ਦੇ ਰਗ ਰਗ ਵਿਚ ਰਚੀ ਹੋਈ ਸੀ। ਆਪ ਜੀ ਆਪਣੇ ਦਾਦਾ ਗੁਰੂ ਹਰਿਗੋਬਿੰਦ ਜੀ ਦੀ ਸੰਗਤ ਕਰਦੇ ਅਤੇ ਉਹਨਾਂ ਤੋਂ ਦੁਨਿਆਵੀ ਅਤੇ ਰੂਹਾਨੀ ਗਿਆਨ ਪ੍ਰਾਪਤ ਕਰਦੇ। ਗੁਰੂ ਹਰਿਗੋਬਿੰਦ ਜੀ ਦੀ ਜੁਝਾਰੂ ਬਿਰਤੀ ਤੋਂ ਵੀ ਆਪ ਪ੍ਰਭਾਵਿਤ ਸਨ। ਇਸ ਲਈ 2200 ਸਿੰਘ ਸੂਰਮੇ ਆਪ ਜੀ ਦੇ ਨਾਲ ਹਮੇਸ਼ਾ ਤਿਆਰ ਰਹਿੰਦੇ ਸਨ। ਪਰ ਆਪ ਜੀ ਸ਼ਾਂਤ ਸੁਭਾਅ ਦੇ ਹੋਣ ਕਾਰਨ ਕਦੇ ਵੀ ਜੰਗ ਨਹੀਂ ਸੀ ਕਰਦੇ ਅਤੇ ਜੇ ਕੋਈ ਵੀ ਵਾਰ ਕਰਦਾ, ਤਾਂ ਆਪ ਜੀ ਮਸਲੇ ਨੂੰ ਗੱਲਬਾਤ ਨਾਲ ਸੁਲਝਾਉਣ ਨੂੰ ਤਰਜੀਹ ਦਿੰਦੇ ਸਨ। ਸ਼ਿਕਾਰ ਦੇ ਸ਼ੌਕੀਨ ਸਨ ਪਰ ਆਪ ਕਿਸੇ ਵੀ ਜਾਨਵਰ ਨੂੰ ਮਾਰਦੇ ਨਹੀਂ ਸਨ, ਸਗੋਂ ਉਸ ਨੂੰ ਫੜ੍ਹ ਕੇ ਲੈ ਜਾਂਦੇ ਅਤੇ ਆਪਣੇ ਬਾਗ ਵਿਚ ਉਸਦੀ ਸੰਭਾਲ ਕਰਦੇ।

1640 ਈਸਵੀ ਵਿੱਚ ਜਦੋਂ ਆਪ ਜੀ 14 ਸਾਲ ਦੇ ਸਨ, ਯੂ.ਪੀ.ਦੇ ਸ਼ਹਿਰ ਅਨੂਪ ਨਗਰ ਦੇ ਵਸਨੀਕ ਦਇਆ ਰਾਮ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਆਪ ਜੀ ਦਾ ਵਿਆਹ ਹੋਇਆ। ਜਿਸ ਦੀ ਕੁੱਖੋਂ ਦੋ ਪੁੱਤਰ ਰਾਮ ਰਾਇ ਅਤੇ ਹਰਿ ਕ੍ਰਿਸ਼ਨ ਅਤੇ ਇੱਕ ਪੁੱਤਰੀ ਬੀਬੀ ਅਨੂਪ ਕੌਰ ਦਾ ਜਨਮ ਹੋਇਆ।

ਗੁਰੂ ਹਰਿਗੋਬਿੰਦ ਜੀ ਦੇ ਪੰਜ ਪੁੱਤਰ ਸਨ-ਅਟੱਲ ਰਾਇ, ਗੁਰਦਿੱਤਾ, ਅਣੀ ਰਾਇ, ਸੂਰਜ ਮੱਲ ਅਤੇ ਤੇਗ ਬਹਾਦਰ। ਇਹਨਾਂ ਵਿਚੋਂ 1628 ਵਿਚ ਅਟੱਲ ਰਾਇ ਜੀ ਅਤੇ 1638 ਵਿਚ ਗੁਰਦਿੱਤਾ ਜੀ ਸਵਰਗ ਸਿਧਾਰ ਗਏ ਸਨ। ਅਣੀ ਰਾਇ ਮਸਤ ਮਲੰਗ ਸੁਭਾਅ ਦਾ ਮਾਲਕ ਸੀ। ਤੇਗ ਬਹਾਦਰ ਜੀ ਦੁਨਿਆਵੀ ਬਿਰਤੀ ਤੋਂ ਬੈਰਾਗੀ ਹੋ ਕੇ ਭਗਤੀ ਵਿੱਚ ਜੁਟੇ ਰਹਿੰਦੇ ਸਨ। ਅਤੇ ਸੂਰਜ ਮੱਲ ਤੇ ਦੁਨਿਆਵੀ ਬਿਰਤੀ ਜਿਆਦਾ ਭਾਰੂ ਸੀ, ਜਿਸ ਕਾਰਨ ਇਹਨਾਂ ਵਿੱਚੋ ਕਿਸੇ ਨੂੰ ਵੀ ਗੁਰਗੱਦੀ ਨਹੀਂ ਸੀ ਦਿੱਤੀ ਜਾ ਸਕਦੀ। ਗੁਰਦਿੱਤਾ ਜੀ ਦੇ ਸਪੁੱਤਰ ਹਰਿਰਾਇ ਜੀ ਨੂੰ ਗੁਰੂ ਹਰਿਗੋਬਿੰਦ ਜੀ ਨੇ ਹਰ ਪਾਸੇ ਤੋ ਗੁਰਗੱਦੀ ਦੇ ਯੋਗ ਸਮਝਿਆ ਅਤੇ 1644 ਈਸਵੀ ਵਿੱਚ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਨਾ ਜੀ ਦੇ ਹੱਥੀਂ ਗੁਰਿਆਈ ਦਾ ਤਿਲਕ ਗੁਰੂ ਹਰਿ ਰਾਇ ਜੀ ਨੂੰ ਲਗਵਾ ਦਿੱਤਾ ਗਿਆ। ਗਿਆਨੀ ਗਿਆਨ ਸਿੰਘ ਜੀ ਅਨੁਸਾਰ ਤਾਂ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ 2 ਸਾਲ ਪਹਿਲਾਂ ਹੀ ਹਰਿਰਾਇ ਜੀ ਨੂੰ ਗੱਦੀ ਦਾ ਵਾਰਸ ਬਣਾ ਦਿੱਤਾ ਸੀ ਜਦਕਿ 1644 ਈਸਵੀ ਵਿੱਚ ਗੁਰੂ ਹਰਿਗੋਬਿੰਦ ਜੀ ਦੇ ਸਵਰਗ ਸਿਧਾਰਨ ਤੋਂ ਬਾਅਦ ਹੀ ਹਰਿ ਰਾਇ ਜੀ ਨੇ ਪੂਰੀ ਜਿੰਮੇਵਾਰੀ ਸੰਭਾਲੀ ਸੀ।

ਗੁਰੂ ਹਰਿ ਰਾਇ ਜੀ ਨੇ ਗੁਰੂ ਅੰਗਦ ਦੇਵ ਜੀ ਵਾਂਗ ਸਰੀਰਕ ਤੰਦਰੁਸਤੀ ਵੱਲ ਕਾਫੀ ਧਿਆਨ ਦਿੱਤਾ। ਇੱਕ ਪਾਸੇ ਤਾਂ ਆਪ ਜੀ ਦੀ ਸਰਪ੍ਰਸਤੀ ਵਿਚ ਮੱਲ ਅਖਾੜੇ ਵੀ ਚਲਦੇ ਸਨ, ਦੂਜੇ ਪਾਸੇ ਆਪ ਜੀ ਨੇ ਸਰੀਰਕ ਰੋਗਾਂ ਤੋਂ ਛੁਟਕਾਰਾ ਪਵਾਉਣ ਲਈ ਦਵਾਖਾਨਾ ਵੀ ਖੋਲ੍ਹਿਆ ਸੀ।

ਜਿਥੋਂ ਜਨਤਾ ਤੰਦਰੁਸਤ ਹੋ ਕੇ ਜਾਂਦੀ ਸੀ।ਸ਼ਾਹ ਜਹਾਨ ਦਾ ਬੇਟਾ ਦਾਰਾ ਸ਼ਿਕੋਹ ਇੱਕ ਵਾਰੀ ਬਿਮਾਰ ਹੋ ਗਿਆ ਸੀ।, ਉਸਨੂੰ ਆਪ ਜੀ ਦੇ ਦਵਾਖਾਨੇ ਤੋਂ ਦਿੱਤੀ ਦਵਾਈ ਨਾਲ ਆਰਾਮ ਆਇਆ ਸੀ। ਹਾਲਾਂਕਿ ਰਾਜਿਆਂ ਦਾ ਗੁਰੂ ਘਰ ਨਾਲ ਸ਼ੁਰੂ ਤੋ ਹੀ ਇੱਟ ਖੜਿਕਾ ਚੱਲਦਾ ਰਿਹਾ ਸੀ, ਪਰ ਗੁਰੂ ਘਰ ਦੀ ਹੀ ਪਿਰਤ ਅਨੁਸਾਰ ਗੁਰੂ ਹਰਿਰਾਇ ਜੀ ਦੇ ਮਨ ਵਿਚ ਕਿਸੇ ਪ੍ਰਤੀ ਵੀ ਕੋਈ ਵੈਰ ਦੀ ਭਾਵਨਾ ਨਹੀਂ ਸੀ। ਸਮਦ੍ਰਿਸ਼ਟੀ ਅਤੇ ਮਾਨਵਤਾ ਦੀ ਸੇਵਾ ਆਪ ਜੀ ਨੂੰ ਭਰਾਤਰੀ ਭਾਵ ਬਣਾਈ ਰੱਖਣ ਵਿਚ ਸਹਾਇਕ ਹੁੰਦੀ।



ਜਸਵਿੰਦਰ ਸਿੰਘ ਰੁਪਾਲ
9814715796

ਆਪ ਜੀ ਦੀ ਕੋਮਲਤਾ ਨਾਲ ਸੰਬੰਧਿਤ ਇੱਕ ਘਟਨਾ ਦਾ ਜਿਕਰ ਆਉਂਦਾ ਹੈ ਕਿ ਇੱਕ ਵਾਰ ਆਪ ਜੀ ਦੇ ਚੋਲੇ ਨਾਲ ਲੱਗ ਕੇ ਇੱਕ ਫੁੱਲ ਟੁੱਟ ਗਿਆ। ਆਪ ਜੀ ਬੜੇ ਉਦਾਸ ਹੋਏ। ਗੁਰੂ ਹਰਿਗੋਬਿੰਦ ਜੀ ਬੋਲੇ 'ਜੇ ਚੋਲਾ ਵਡਾ ਹੋਵੇ ਤਾਂ ਸੰਭਲ ਕੇ ਤੁਰਨਾ ਸਿੱਖੋ।' ਗੁਰੂ ਹਰਿਰਾਇ ਜੀ ਨੇ ਇਹ ਸਿੱਖਿਆ ਪੱਲੇ ਬੰਨ੍ਹ ਲਈ ਅਤੇ ਸਮਝ ਗਏ ਕਿ ਵਡੀ ਜਿੰਮੇਵਾਰੀ ਨੂੰ ਸੰਭਾਲਣ ਲਈ ਵਡੀ ਮਿਹਨਤ ਅਤੇ ਵਧੇਰੇ ਧਿਆਨ ਦੀ ਲੋੜ ਹੈ। ਗੁਰੂ ਬਣਨ ਤੋ ਬਾਅਦ ਆਪ ਜੀ ਨੇ ਸਿੱਖੀ ਦੇ ਪ੍ਰਚਾਰ ਵੱਲ ਕਾਫੀ ਧਿਆਨ ਦਿੱਤਾ। ਜਿੱਥੇ ਆਪ ਜੀ ਨੇ ਕਾਫੀ ਪ੍ਰਚਾਰਕ ਦੌਰੇ ਵੀ ਲਗਾਏ ਜਿਹਨਾਂ ਵਿਚ ਆਪ ਜੀ ਅੰਮ੍ਰਿਤਸਰ, ਗੋਇੰਦਵਾਲ, ਖਡੂਰ ਸਾਹਿਬ, ਵਡੀ ਲਹਿਲ, ਹਰੀਆਂ ਵੇਲਾਂ, ਭੂੰਗਰਤਾ, ਕਰਤਾਰਪੁਰ, ਪੁਆਧਾ, ਭਾਈ ਕੀ ਡਰੌਲੀ, ਮਾੜੀ, ਮਰ੍ਹਾਜ, ਪਲਾਹੀ ਆਦਿ ਥਾਵਾਂ ਵਿਸ਼ੇਸ਼ ਹਨ। ਆਪ ਜੀ ਨੇ 360 ਮੰਜੀਆਂ ਹੋਰ ਥਾਪੀਆਂ। 4 ਧੂਣੇ ਅਤੇ 6 ਬਖਸ਼ਿਸ਼ਾਂ ਵੀ ਕੀਤੀਆਂ। ਆਪ ਜੀ ਨੇ ਸ਼ਬਦ ਗੁਰੂ ਦੇ ਪ੍ਰਚਾਰ ਲਈ ਆਦਿ ਬੀੜ ਦੀਆਂ ਕਾਪੀਆਂ ਵੀ ਤਿਆਰ ਕਰਵਾਈਆਂ ।

ਆਪ ਜੀ ਗੁਰਬਾਣੀ ਦਾ ਬਹੁਤ ਜਿਆਦਾ। ਸਤਿਕਾਰ ਕਰਦੇ ਸਨ । ਆਪ ਜੀ ਦੇ ਦਰਬਾਰ ਵਿੱਚ ਦੇਸ਼ ਵਿਦੇਸ਼ ਤੋਂ ਸੰਗਤਾਂ ਆਉਂਦੀਆਂ ਸਨ। ਇੱਕ ਵਾਰ ਸੰਗਤ ਸ਼ਬਦ ਪੜ੍ਹਦੀ ਹੋਈ ਆ ਰਹੀ ਸੀ ਕਿ ਸ਼ਬਦ ਦੇ ਸਤਿਕਾਰ ਵਜੋਂ ਆਪ ਇੱਕਦਮ ਉੱਠ ਖੜ੍ਹੇ ਹੋਏ। ਆਪ ਜੀ ਦਾ ਗੋਡਾ ਪਲੰਘ ਦੀ ਬਾਹੀ ਵਿਚ ਜੋਰ ਦੀ ਵਜਾ। ਜਦੋਂ ਸਿੱਖਾਂ ਨੇ ਪੁੱਛਿਆ ਤਾਂ ਜਵਾਬ ਦਿੱਤਾ ਕਿ ਬਾਣੀ ਤਾਂ ਸਭ ਤੋਂ ਉੱਚੀ ਹੈ। ਇਸਦਾ ਭੈ ਅਦਬ ਹੋਣਾ ਬਹੁਤ ਜਰੂਰੀ ਹੈ।

ਭਾਈ ਸੰਤੋਖ ਸਿੰਘ ਜੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਦੇ ਹਨ -- ਜਿਨ ਭੈ ਅਦਬ ਨਾ ਬਾਣੀ ਧਾਰਾ । ਸੋ ਜਾਣਹੁ ਨਹੀਂ ਸਿੱਖ ਹਮਾਰਾ। ....(ਗੁਰਪ੍ਰਤਾਪ ਸੂਰਜ ਗ੍ਰੰਥ ਰਾਸ 10, ਅੰਸੂ 21)

ਆਪ ਜੀ ਕੁਦਰਤ ਦੇ ਬਹੁਤ ਪ੍ਰੇਮੀ ਸਨ। ਵਾਤਾਵਰਣ ਸਾਫ ਬਣਾਈ ਰੱਖਣ ਵਿਚ ਖਾਸ ਰੁਚੀ ਲੈਂਦੇ ਸਨ। ਆਪ ਜੀ ਨੇ ਕਾਫੀ ਸਾਰੇ ਬਾਗ਼ ਆਪਣੇ ਹੱਥੀਂ ਲਗਵਾਏ ਅਤੇ ਵਿਕਸਿਤ ਕੀਤੇ। ਆਪ ਜੀ ਦੇ ਇਸ ਪ੍ਰੇਮ ਨੂੰ ਸਤਿਕਾਰ ਦੇਣ ਲਈ ਸਿੱਖ ਕੌਮ ਆਪ ਜੀ ਦੇ ਗੁਰਗੱਦੀ ਦਿਵਸ ਨੂੰ ਵਾਤਾਵਰਣ ਦਿਵਸ ਦੇ ਰੂਪ ਵਿਚ ਮਨਾਉਂਦੀ ਆ ਰਹੀ ਹੈ।

ਮੁਗਲ ਬਾਦਸ਼ਾਹ ਔਰੰਗਜੇਬ ਨੇ ਦਾਰਾ ਸ਼ਿਕੋਹ ਦੀ ਮਦਦ ਕਰਨ ਵਾਲੇ ਹਰ ਸਮਰਥਕ ਨੂੰ ਸਜਾਵਾਂ ਦਿੱਤੀਆਂ ਸਨ । ਇਸੇ ਕਾਰਨ ਉਸਨੇ ਗੁਰੂ ਹਰਿਰਾਇ ਜੀ ਨੂੰ ਵੀ ਦਿੱਲੀ ਬੁਲਾਵਾ ਭੇਜ ਦਿੱਤਾ। ਆਪ ਜੀ ਨੇ ਆਪਣੇ ਵਡੇ ਪੁੱਤਰ ਰਾਮਰਾਇ ਨੂੰ ਇਹ ਸਮਝਾ ਕੇ ਦਿੱਲੀ ਭੇਜ ਦਿੱਤਾ ਕਿ ਡਰਨਾ ਨਹੀਂ, ਸਿਰਫ ਅਤੇ ਸਿਰਫ ਸੱਚ ਦੀ ਗੱਲ ਕਰਨੀ ਹੈ, ਬਾਣੀ ਦੇ ਸੱਚ ਤੋ ਬਾਹਰ ਨਹੀਂ ਜਾਣਾ। ਪਰ ਰਾਮਰਾਇ ਦਿੱਲੀ ਜਾ ਕੇ ਰਾਜੇ ਨੂੰ ਖੁਸ਼ ਕਰਨ ਲੱਗ ਗਏ। ਜਿੱਥੇ ਉਹਨਾਂ ਨੇ ਗੁਰਮਤਿ ਤੋ ਉਲਟ ਕੁਝ ਕਰਾਮਾਤਾਂ ਦਿਖਾਈਆਂ, ਉਥੇ ਇੱਕ ਹੋਰ ਵਡੀ ਗਲਤੀ ਕਰ ਦਿੱਤੀ। ਗੁਰਬਾਣੀ ਦੀ ਪੰਕਤੀ ਹੀ ਬਦਲ ਕੇ ਸੁਣਾ ਦਿੱਤੀ। ਇਸ ਨਾਲ ਰਾਜਾ ਤਾਂ ਖੁਸ਼ ਹੋਇਆ ਅਤੇ ਉਸ ਨੇ ਜਗੀਰ ਵੀ ਦਿੱਤੀ। ਪਰ ਗੁਰੂ ਹਰਿਰਾਇ ਜੀ ਨੂੰ ਪਤਾ ਲੱਗਣ ਤੇ ਉਹਨਾਂ ਨੇ ਰਾਮਰਾਇ ਨੂੰ ਮੂੰਹ ਨਾ ਲਗਾਇਆ ਅਤੇ ਸੰਗਤ ਨੂੰ ਵੀ ਉਸ ਨਾਲ ਤਾਲਮੇਲ ਰੱਖਣ ਤੋ ਵਰਜ ਦਿੱਤਾ। ਇਸ ਲਈ ਆਪ ਜੀ ਨੇ ਛੋਟੇ ਪੁੱਤਰ ਹਰਿਕ੍ਰਿਸ਼ਨ ਨੂੰ ਯੋਗ ਜਾਣ ਕੇ ਉਸਨੂੰ ਗੁਰਗੱਦੀ ਸੌਂਪ ਦਿੱਤੀ।

20 ਅਕਤੂਬਰ 1661 ਈਸਵੀ ਨੂੰ ਮਾਤਰ 31 ਸਾਲ ਦੀ ਉਮਰ ਵਿਚ ਆਪ ਜੋਤੀ ਜੋਤ ਸਮਾ ਗਏ। ਭਾਈ ਸਾਹਿਬ ਭਾਈ ਨੰਦ ਲਾਲ ਜੀ ਆਪ ਜੀ ਦੀ ਸਿਫਤ ਕਰਦੇ ਹੋਏ ਲਿਖਦੇ ਹਨ -

ਸਾਹਾਨਸ਼ਹਿ ਹੱਕ ਨਸਕ ਗੁਰੂ ਕਰਤਾ ਹਰਿਰਾਇ।
ਫਰਮਾ-ਦੇਹ ਨੇਹੁ ਤਬਕ ਗੁਰੂ ਕਰਤਾ ਹਰਿਰਾਇ।
ਗਰਦਨ ਜਨਿ ਸਰਕਸ਼ਾਂ ਗੁਰੂ ਕਰਤਾ ਹਰਿਰਾਇ।
ਯਾਰਿ ਮੁਤਜ਼ਰਆਂ ਗੁਰੂ ਕਰਤਾ ਹਰਿਰਾਇ।.... (ਗੰਜ ਨਾਮਾ 11, ਭਾਈ ਨੰਦ ਲਾਲ ਜੀ) ਭਾਵ ਗੁਰੂ ਹਰਿਰਾਇ ਜੀ ਵਾਹਿਗੁਰੂ ਜੀ ਦੀ ਸੋਝੀ ਦੇਣ ਵਾਲੇ ਹਨ। ਨੌ ਆਕਾਸ਼ਾਂ ਦੇ ਮਾਲਕ ਹਨ। ਉਹ ਨਿੰਦਕਾਂ ਦਾ ਨਾਸ ਕਰਨ ਵਾਲੇ ਹਨ ਅਤੇ ਨਿਰਮਾਣ ਸੇਵਕਾਂ ਦੀ ਸਹਾਇਤਾ ਕਰਦੇ ਹਨ ।

## ਚਕੋਰ

ਵੇਖ ਲਈਆਂ ਤੁਸਾਂ ਕਿਸੇ ਹੋਰ ਦੀਆਂ ਅੱਖੀਆਂ,
ਤਦੇ ਲੱਡੂ ਹਾਸਿਆਂ ਦੇ ਭੋਰਦੀਆਂ ਅੱਖੀਆਂ ।
ਅੱਜ ਮੇਰੇ ਰੋਣ ਤੇ ਵੀ ਹੱਸ ਹੱਸ ਪੈਂਦੀਆਂ ਨੇ,
ਤੇਰੇ ਜਹੇ ਬੇ ਰਹਿਮ ਤੇ ਕਠੋਰ ਦੀਆਂ ਅੱਖੀਆਂ ।
ਵੇਖ ਲਈਆਂ ਤੁਸਾਂ ਕਿਸੇ ਹੋਰ ਦੀਆਂ ਅੱਖੀਆਂ ।

ਦਿਲ ਮੇਰਾ ਖੋਹਣ ਵਾਲੇ ਨੀਵੀਂ ਨਿਗ੍ਹਾ ਕਹੇ ਤੇਰੀ,
ਸਾਹਵੇਂ ਕਦੀ ਹੁੰਦੀਆਂ ਨਹੀਂ ਚੋਰ ਦੀਆਂ ਅੱਖੀਆਂ ।
ਵੇਖ ਲਈਆਂ ਤੁਸਾਂ ਕਿਸੇ ਹੋਰ ਦੀਆਂ ਅੱਖੀਆਂ ।
ਤਾੜੀ ਇੰਵ ਲੱਗਦੀ ਏ ਮਾਹੀ ਤੇਰੇ ਮੁਖੜੇ ਤੇ,
ਵਿੰਹਦੀਆਂ ਨੇ ਚੰਨ ਜਿਉਂ ਚਕੋਰ ਦੀਆਂ ਅੱਖੀਆਂ ।
ਵੇਖ ਲਈਆਂ ਤੁਸਾਂ ਕਿਸੇ ਹੋਰ ਦੀਆਂ ਅੱਖੀਆਂ ।

ਸਦਾ ਤੇਰੇ ਰਾਹ ਉੱਤੇ ਲੱਗੀਆਂ ਹੀ ਰਹਿੰਦੀਆਂ ਨੇ,
'ਸ਼ਰਫ਼' ਜਿਹੇ ਬਾਵਰੇ, ਲਟੋਰ ਦੀਆਂ ਅੱਖੀਆਂ ।
ਵੇਖ ਲਈਆਂ ਤੁਸਾਂ ਕਿਸੇ ਹੋਰ ਦੀਆਂ ਅੱਖੀਆਂ ।

## ਪੰਜਾਬ ਦਾ ਗੀਤ

ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !
ਜਿਵੇਂ ਫੁੱਲਾਂ ਅੰਦਰ,
ਫੁੱਲ ਗੁਲਾਬ ਨੀ ਸਈਓ !
ਰਲਮਿਲ ਬਾਗ਼ੀਂ ਪੀਂਘਾਂ ਝੂਟਣ,
ਕੁੜੀਆਂ ਨਾਗਰ ਵੇਲਾਂ ।
ਜੋਸ਼ ਜੁਆਨੀ ਠਾਠਾਂ ਮਾਰੇ,
ਲਿਸ਼ਕਣ ਹਾਰ ਹਮੇਲਾਂ ।
ਪਹਿਨਣ ਹੀਰੇ ਮੋਤੀ,
ਮੁਖ ਮਤਾਬ ਨੀ ਸਈਓ !
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

ਜੁੜ ਮੁਟਿਆਰਾਂ ਤ੍ਰਿੰਞਣ ਅੰਦਰ,
ਚਰਖੇ ਬੈਠ ਘੁਕਾਵਣ !
ਨਾਜ਼ਕ ਬਾਂਹ ਉਲਾਰ ਪਿਆਰੀ,
ਤੰਦ ਚਰਖੜੇ ਪਾਵਣ ।
ਸੀਨੇ ਅੱਗਾਂ ਲਾਵਣ ।
ਹੋਠ ਉਨਾਬ ਨੀ ਸਈਓ ।

ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

ਹੀਰ ਸ਼ਹਿਜ਼ਾਦੀ ਬੇੜੇ ਬੈਠੀ,
ਸਈਆਂ ਖੇਡਣ ਪਈਆਂ !
ਚੰਦ ਦੁਆਲੇ ਤਾਰੇ ਚਮਕਣ,
ਹੀਰ ਦੁਆਲੇ ਸਈਆਂ !
ਝੱਲੀ ਜਾਏ ਨਾਹੀਂ,
ਉਹਦੀ ਤਾਬ ਨੀ ਸਈਓ ।
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !
ਮੌਜ ਲਾਈ ਦਰਿਆਵਾਂ ਸੋਹਣੀ,
ਬਾਗ਼ ਜ਼ਮੀਨਾਂ ਫਲਦੇ !
'ਸ਼ਰਫ਼' ਪੰਜਾਬੀ ਧਰਤੀ ਉੱਤੇ
ਠੁਮਕ ਠੁਮਕ ਪਏ ਚਲਦੇ !
ਸਤਲੁਜ, ਰਾਵੀ, ਜੇਹਲਮ,
ਅਟਕ, ਚਨਾਬ ਨੀ ਸਈਓ ।
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

## ਰੁਮਾਲ ਮੁੰਦਰੀ

ਵਟਾ ਸੱਟਾ ਹੋ ਗਿਆ ਨਸ਼ਾਨੀਆਂ ਦਾ ਦੋਹੀਂ ਪਾਸੀਂ,
ਘੱਲੀ ਅੱਜ ਓਹਨੇ ਭੀ ਰੁਮਾਲ ਨਾਲ ਮੁੰਦਰੀ ।
ਹੁਕਮ ਹੋਇਆ ਨਾਲ ਇਹ ਅਚੱਚੀ ਮੇਰੀ ਚੀਚੀ ਦੀ ਏ,
ਗ਼ੈਰਾਂ ਵਿੱਚ ਰਖਨੀ ਖ਼ਿਆਲ ਨਾਲ ਮੁੰਦਰੀ ।
ਪਟੀ ਜਹੀ ਪੜ੍ਹਾਈ ਓਹਨੂੰ ਵੈਰੀਆਂ ਤੇ ਦੂਤੀਆਂ ਨੇ,
ਲੈਣ ਲਗਾ ਫੇਰ ਏਸ ਚਾਲ ਨਾਲ ਮੁੰਦਰੀ ।
ਮੋੜ ਮੇਰੀ ਮੁੰਦਰੀ ਤੇ ਸਾਂਭ ਲੈ ਇਹ ਵਰਾਸੋਈ,
ਲਾਹ ਮਾਰੀ ਹਥੋਂ ਮੇਰੀ ਕਾਹਲ ਨਾਲ ਮੁੰਦਰੀ ।
ਜੋੜ ਜੋੜ ਹਥ ਫੇਰ ਤੋੜਿਆਂ ਵਛੋੜਿਆਂ ਵਿੱਚ,
ਪਾਈ ਓਹਦੇ ਹਥ ਬੁਰੇ ਹਾਲ ਨਾਲ ਮੁੰਦਰੀ ।
ਨਿਕੀ ਜਿਹੀ ਵਚੋਲੜੀ ਪਿਆਰ ਤੇ ਮੁਹੱਬਤਾਂ ਦੀ,
ਮੇਲ ਦਿੱਤਾ ਦੋਹਾਂ ਨੂੰ ਸੁਖਾਲ ਨਾਲ ਮੁੰਦਰੀ ।
ਮੇਰੇ ਕਾਬੂ ਰਖਦੀ ਏ ਮੇਰੇ ਓਸ ਪਿਆਰ ਨੂੰ ਏਹ,
ਮੋਹਰਾ ਸੁਲੇਮਾਨੀ ਲੱਭਾ ਘਾਲ ਨਾਲ ਮੁੰਦਰੀ ।
ਮੈਥੋਂ ਭਾਵੇਂ ਦੂਰ ਦੂਰ ਰਹੇ ਉਹ ਨਗੀਨਾ ਮੇਰਾ,
ਰਵੇ ਓਹਦੀ ਨਿੱਤ ਮੇਰੇ ਨਾਲ ਨਾਲ ਮੁੰਦਰੀ ।
ਖੋਹਕੇ ਫ਼ੀਰੋਜ਼ੀ ਥੇਵਾ ਸੀਨੇ ਵਿੱਚ ਰਖਦੀ ਏ,
ਰੱਖੇ ਐਡਾ ਹੇਚ ਓਹਦੇ ਖ਼ਾਲ ਨਾਲ ਮੁੰਦਰੀ ।
"ਸ਼ਰਫ਼" ਏਸ ਸਮੇਂ ਵਿੱਚ ਵਟਾਉਂਦਾ ਏ ਕੌਣ ਭਲਾ,
ਲਿੱਸੇ ਨਾਲ ਪੱਗ ਤੇ ਕੰਗਾਲ ਨਾਲ ਮੁੰਦਰੀ ।

## ਜਲਵੇ

ਆ ਅਗਨ ਲਗਨ ਦੀ ਲਾ ਲਈਏ,
ਇਕ ਦੁਨੀਆਂ ਨਵੀਂ ਵਸਾ ਲਈਏ ।
ਇਕ ਹੁਸਨ ਤੇ ਸੌ ਸੌ ਅੱਖ ਹੋਵੇ,
ਹਰ ਅੱਖ ਵਿਚ ਜਲਵਾ ਲੱਖ ਹੋਵੇ,
ਸ਼ਬਨਮ ਦੇ ਸ਼ੀਸ਼ੇ ਚੁਣ ਚੁਣ ਕੇ-
ਸ਼ੀਸ਼ ਮਹੱਲ ਬਣਾ ਲਈਏ ।
ਇਕ ਦੁਨੀਆਂ ਨਵੀਂ ਵਸਾ ਲਈਏ ।
ਜਿਥੇ ਪ੍ਰੇਮ ਦੀ ਵਰਖਾ ਵਸਦੀ ਰਹੇ,
ਜਿਥੇ ਖ਼ੁਸ਼ੀ ਫੁੱਲਾਂ ਵਿਚ ਹਸਦੀ ਰਹੇ,
ਜਿਥੇ ਖੌਫ਼ ਨਾ ਹੋਵੇ ਮਾਲੀ ਦਾ-
ਡੇਰੇ ਓਥੇ ਪਾ ਲਈਏ ।
ਇਕ ਦੁਨੀਆਂ ਨਵੀਂ ਵਸਾ ਲਈਏ ।
ਸਾਡੀ ਸੁਬਹ ਦੀ ਕਦੀ ਨਾ ਸ਼ਾਮ ਹੋਵੇ,
ਸਾਡੀ ਖ਼ੁਸ਼ੀ ਦਾ ਖਤਮ ਨਾ ਜਾਮ ਹੋਵੇ,
ਅਸੀਂ ਦੋ ਪਰਵਾਨੇ ਰਲ ਮਿਲ ਕੇ-
ਪਿਆਰ ਦੀ ਜੋਤ ਜਗਾ ਲਈਏ ।
ਇਕ ਦੁਨੀਆਂ ਨਵੀਂ ਵਸਾ ਲਈਏ ।










